# ਪਰਮੇਸ਼ਵਰ ਦਾ ਚੁਣਿਆ ਹੋਇਆ ਭਗਤੀ ਦਾ ਥਾਂ

ਜਦ ਕਿ ਅਸੀਂ ਆਪਣੇ ਸਿਰਾਂ ਨੂੰ ਪ੍ਰਾਥਨਾ ਵਾਸਤੇ ਝੁਕਾਉਂਦੇ ਤਾਂ ਅਸੀਂ ਇੱਕ ਪਲ ਖਲੋਤੇ ਰਹੀਏ। ਅਤੇ ਹੁਣ, ਸਾਡੇ ਸਿਰ ਝੁਕੇ ਹੋਏ ਹਨ, ਮੈਂ ਯਕੀਨ ਕਰਦਾ ਹਾਂ ਕਿ ਸਾਡੇ ਹਿਰਦੇ ਵੀ ਝੁਕੇ ਹੋਏ ਹਨ, ਮੈਨੂੰ ਹੈਰਾਨੀ ਹੈ ਕਿ ਅੱਜ ਰਾਤ ਇੱਥੇ ਕਿੰਨੇ ਹੋਣਗੇ ਜੋ ਚਾਹੁੰਦੇ ਹਨ ਕਿ ਉਹਨਾਂ ਨੂੰ ਪ੍ਰਾਰਥਨਾ ਵਿੱਚ ਯਾਦ ਰੱਖਿਆ ਜਾਵੇ, ਕਿਸੇ ਖਾਸ ਗੱਲ ਦੇ ਲਈ? ਕੀ ਆਪਣਾ ਹੱਥ ਝੁਕੋਂਗੇ, ਅਤੇ ਕਹੋਗੇ, “ਹੇ ਪਰਮੇਸ਼ਵਰ, ਮੈਨੂੰ ਉਹ ਕੁਝ ਦੇ ਜਿਹਦੇ ਲਈ ਮੈਂ ਭਾਲ ਕਰ ਰਿਹਾ ਹਾਂ”। ਪ੍ਰਭੂ ਤੁਹਾਨੂੰ ਬਰਕਤ ਦੇਵੇ।

2 ਸਾਡੇ ਸੁਰਗੀ ਪਿਤਾ, ਜਦ ਹੁਣ ਅਸੀਂ ਬੜੀ ਨਮਰਤਾ ਨਾਲ ਕਿਰਪਾ ਦੇ ਵੱਡੇ ਸਿੰਘਾਸਣ ਕੋਲ ਪਹੁੰਚਦੇ ਹਾਂ, ਨਿਹਚਾ ਨਾਲ, ਅਸੀਂ ਉਸ ਪਾਰ ਪਹੁੰਚਦੇ ਹਾਂ; ਜਿੱਥੇ ਖੁਦਾ, ਅਤੇ ਦੂਤ, ਅਤੇ ਕਰੂਬੀ, ਅਤੇ ਸਾਰੇ ਸਵਰਗੀ ਸੈਨਾਵਾਂ ਸਭ ਇਕੱਠੇ ਹਨ। ਕਿਉਂਕਿ ਉਹਨੇ ਕਿਹਾ ਕਿ ਸਵਰਗੀ ਪਿਤਾ ਦੇ ਮਰਜੀ ਤੋਂ ਬਿਨਾਂ ਇੱਕ ਚਿੜ੍ਹੀ ਵੀ ਧਰਤੀ ਤੇ ਡਿੱਗਦੀ। ਤਾਂ ਕਿਨ੍ਹਾਂ ਵਧੀਕ ਉਹ ਜਾਣਦਾ ਹੈ ਜਦੋਂ ਸੈਂਕੜੇ ਲੋਕ ਸਿਰਾਂ ਨੂੰ ਝੁਕਾਏ ਹੋਏ ਹਨ, ਅਤੇ ਖਾਸ ਬੇਨਤੀਆਂ ਦੇ ਲਈ ਤੈਨੂੰ ਪੁਕਾਰ ਰਹੇ ਹਨ। ਪਿਤਾ, ਅੱਜ ਲੋੜਵੰਦ ਜਗਤ ਤੇ ਝਾਤੀ ਮਾਰ, ਕਿਉਂਕਿ ਅਸੀਂ ਲੋੜਵੰਦ ਹਾਂ।

3 ਅਤੇ ਮੈਂ ਪ੍ਰਾਰਥਨਾ ਕਰਦਾ ਹਾਂ, ਪ੍ਰਭੂ, ਕਿ ਅਸੀਂ ਇੱਥੇ ਇਕੱਠੇ ਹੋਏ ਹਾਂ ਤਾਂ ਜੋ ਅਸੀਂ ਆਪਣੀ ਨਿਹਚਾ ਜਿਉਂਦੇ ਪਰਮੇਸ਼ਵਰ ਵਿੱਚ ਪ੍ਰਗਟ ਕਰੀਏ ਜੋ ਪ੍ਰਾਰਥਨਾ ਦਾ ਉੱਤਰ ਦਿੰਦਾ ਹੈ; ਅਸੀਂ ਅਜਿਹੇ ਜਗਤ ਵਿੱਚੋਂ ਨਿਕਲ ਆਏ ਹਾਂ, ਜਿੱਥੇ ਦਿਲ ਅਤੇ ਕੰਨ ਅਸੁੰਨਤੇ ਹਨ, ਅਸੀਂ ਨਿਕਲੇ ਹਾਂ ਭਈ ਅਲੱਗ ਜੀਵਨ ਜੀਈਏ, ਅਤੇ ਆਪਣੀ ਨਿਹਚਾ ਦੇ ਇਕਰਾਰ ਜਿਈਏ। ਅਤੇ ਅੱਜ ਰਾਤ ਅਸੀਂ ਇਹ ਦੱਸਣ ਲਈ ਆਪਣੇ ਹੱਥ ਖੜ੍ਹੇ ਕੀਤੇ ਹਨ, “ਕਿ ਅਸੀਂ ਲੋੜਵੰਦ ਹਾਂ”। ਪਿਆਰੇ ਪਰਮੇਸ਼ਵਰ, ਉਨਾਂ ਵਿੱਚੋਂ ਹਰੇਕ ਦੀਆਂ ਬੇਨਤੀਆਂ ਦਾ ਉੱਤਰ ਦੇ।

4 ਅਤੇ ਫਿਰ, ਪਿਤਾ, ਅਸੀਂ ਬੇਨਤੀ ਕਰਦੇ ਹਾਂ ਕਿ ਅੱਜ ਰਾਤ ਤੂੰ ਵਚਨ ਸਾਡੇ ਕੋਲ ਆ। ਅਸੀਂ ਇੱਥੇ ਸੁਧਾਰ ਵਾਸਤੇ, ਅਤੇ ਸਮਝ ਪਾਉਣ ਵਾਸਤੇ ਆਏ ਹਾਂ, ਤਾਂ ਕਿ ਅਸੀਂ ਜਾਣੀਏ ਕਿ ਵਰਤਮਾਨ ਸਮੇਂ ਵਿੱਚ ਅਸੀਂ ਕਿਵੇਂ

ਜੀਵਨ ਗੁਜਾਰਨਾ ਹੈ; ਤੇ ਕਿਸ ਗੱਲ ਵੱਲ ਵੇਖਣਾ, ਅਤੇ ਕੀ ਕਰਨਾ ਹੈ। ਕਿਉਂ ਜੋ, ਅਸੀਂ ਜਾਣਦੇ ਹਾਂ ਕਿ ਪ੍ਰਭੂ ਦੀ ਆਮਦ ਨੇੜੇ ਹੈ, ਨਬੀਆਂ ਦੇ ਪਹਿਲਾਂ ਹੀ ਦੱਸੇ ਹੋਏ ਨਿਸ਼ਾਨਾਂ ਦੇ ਅਨੁਸਾਰ। ਅਸੀਂ ਉਸ ਸਮੇਂ ਦੇ ਨੇੜੇ ਪੁੱਜ ਰਹੇ ਹਾਂ, ਪ੍ਰਭੂ, ਜਦ ਤੇਰੇ ਬੱਚਿਆਂ ਨੂੰ ਪੂਰੀ ਤਰ੍ਹਾਂ ਛੁਟਕਾਰਾ ਦਿੱਤਾ ਜਾਵੇਗਾ। ਪਿਤਾ, ਪਰਮੇਸ਼ਵਰ, ਹੋਣ ਦੇ ਕਿ ਸਾਡੇ ਵਿੱਚੋਂ ਹਰੇਕ, ਉੱਥੇ ਹੋਵੇ। ਤੇ ਕੋਈ ਵੀ ਰਹਿ ਨਾ ਜਾਵੇ। ਸਾਡਾ ਇੱਥੇ ਹੋਣ ਦਾ ਇਹੀ ਮਕਸਦ ਹੈ, ਪ੍ਰਭੂ। ਅਸੀਂ ਤੈਨੂੰ ਪਿਆਰ ਕਰਦੇ ਹਾਂ, ਅਤੇ ਅਸੀਂ ਉਸ ਘੜੀ ਦੇ ਲਈ ਤਿਆਰ ਹੋਣ ਦੀ ਕੋਸ਼ਿਸ਼ ਕਰ ਰਹੇ ਹਾਂ।

5 ਸਾਡੇ ਨਾਲ ਗੱਲ ਕਰ, ਅਸੀਂ ਦੁਬਾਰਾ ਮੰਗਦੇ ਹਾਂ, ਅੱਜ ਰਾਤ। ਅਤੇ ਬਿਮਾਰਾਂ ਨੂੰ ਚੰਗਿਆਂ ਕਰ। ਸਭ ਰੋਗੀ ਅਤੇ ਦੁੱਖੀਆਂ ਨੂੰ ਜੋ ਇਸ ਇਮਾਰਤ ਹਨ, ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਤੂੰ ਉਹਨਾਂ ਨੂੰ ਚੰਗਾ ਕਰ, ਪ੍ਰਭੂ; ਖਾਸ ਕਰਕੇ ਉਹਨਾਂ ਨੂੰ ਜਿਹੜੇ ਆਤਮਿਕ ਤੌਰ ਤੇ ਲੋੜਵੰਦ ਹਨ। ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਹਰ ਗੁਆਚੀ ਆਤਮਾ ਬਚਾ ਲੈ। ਹਰੇਕ ਵਿਸ਼ਵਾਸੀ ਪਵਿੱਤਰ ਆਤਮਾ ਨਾਲ ਭਰ ਦੇ। ਅਤੇ ਨਿਹਚਾ ਕਰਨ ਵਾਲੇ ਤੇਰੇ ਬੱਚਿਆਂ ਦੀ ਸ਼ਕਤੀ ਅਤੇ ਸਮਰੱਥ ਨੂੰ ਨਵਾਂ ਕਰ। ਇਹ ਗੱਲਾਂ ਮੰਜੂਰ ਕਰ, ਪਿਤਾ। ਅਸੀਂ ਬਹੁਤ ਮੰਗਦੇ ਹਾਂ, ਕਿਉਂਕਿ ਤੂੰ ਸਾਨੂੰ ਬਹੁਤ ਮੰਗਣ ਨੂੰ ਕਿਹਾ ਹੈ, "ਬਹੁਤਾਇਤ ਨਾਲ ਮੰਗੋ, ਵੱਡੀਆਂ ਗੱਲਾਂ ਮੰਗਣਾ, ਵਧੇਰੇ ਸਾਰੀਆਂ," ਤਾਂ ਜੋ ਸਾਡੀ ਖੁਸ਼ੀ ਪੂਰੀ ਹੋ ਜਾਵੇ। ਅਤੇ ਅਸੀਂ ਇਹ ਗੱਲਾਂ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ ਆਮੀਨ।

ਤੁਸੀਂ ਬੈਠ ਸਕਦੇ ਹੋ।

6 ਮੈਂ ਨਿਸ਼ਚਿਤ ਹੀ ਅੱਜ ਰਾਤ, ਮੁੜ ਇਸ ਸਕੂਲ ਦੀ ਇਮਾਰਤ ਦੇ ਮੰਚ ਤੇ, ਹੋਣ ਨੂੰ ਪੂਰਨ ਭਾਗ ਸਮਝਦਾ ਹਾਂ, ਤਾਂ ਜੋ ਇਹਨਾਂ ਵਧੀਆ ਲੋਕਾਂ ਦੇ ਸਾਹਮਣੇ ਹੋਵਾਂ ਜੋ ਇੱਥੇ ਸੁਸਮਾਚਾਰ ਨੂੰ ਸੁਣਨ ਦੇ ਲੈ ਆਏ ਹਨ। ਮੈਂ ਪਰਮੇਸ਼ਵਰ ਕੋਲੋਂ ਦੁਆ ਮੰਗਦਾ ਹਾਂ ਕੀ ਉਹ ਮੇਰੀ ਸਹਾਇਤਾ ਕਰੇ ਕੀ ਮੈਂ ਤੁਹਾਨੂੰ ਸੱਚ ਦੱਸ ਸਕਾਂ ਜਿੱਥੋਂ ਤਕ ਕੀ ਮੈਂ ਆਪਣੀ ਸੱਚਾਈ ਨੂੰ ਜਾਣਦਾ ਹਾਂ। ਜਿਸ ਤਰ੍ਹਾਂ ਉਹ ਸ਼ੇਰ ਦੇ ਮੂੰਹ ਨੂੰ ਬੰਦ ਕਰ ਸਕਦਾ ਹੈ, ਉਸੇ ਤਰ੍ਹਾਂ ਉਹ ਇੱਕ ਮਨੁੱਖ ਦੇ ਮੂੰਹ ਨੂੰ ਵੀ ਬੰਦ ਕਰ ਸਕਦਾ ਹੈ। ਤੇ ਜੇ ਕਦੇ ਮੈਂ ਵੀ ਕੁਝ ਕਹਿਣ ਦਾ ਯਤਨ ਕਰਾਂ ਜੋ ਕਿ ਗਲਤ ਅਤੇ ਉਹਦੀ ਮਰਜੀ ਦੇ ਉਲਟ ਹੈ, ਮੇਰੀ ਸੱਚੇ ਦਿਲ਼ ਤੋਂ ਪ੍ਰਾਰਥਨਾ ਹੈ ਕੀ ਤੂੰ ਮੇਰਾ ਮੂੰਹ ਬੰਦ ਕਰ ਦੇ, ਤਾਂ ਕੀ ਉਹ ਗੱਲਾਂ ਮੈਂ ਨਾ ਆਖਾਂ।, ਕਿਉਂ ਜੋ, ਮੈਂ ਆਪ ਹੀ ਸੱਚ ਮੁੱਚ, ਸੁਰਗ ਵਿੱਚ ਹੋਣਾ ਚਾਹੁੰਦਾ ਹਾਂ; ਮੈਂ ਉੱਥੇ ਕਦੇ ਵੀ ਨਾ ਹੋਵਾਂਗਾ, ਅਤੇ, ਇਹ ਸਭ ਤੋਂ ਛੁੱਟ, ਮੈਂ ਇੱਕ ਝੂਠਾ ਆਗੂ ਹੋਵਾਂਗਾ, ਕੋਈ ਜਣਾ

ਜਿਹਨੇ ਕੋਈ ਗਲਤ ਕੰਮ ਕੀਤਾ ਹੋਵੇ। ਜੇ ਮੈਂ ਇਹ ਕਰਾਂ, ਤਾਂ ਇਹ ਇਸ ਲਈ ਹੈ ਕੀ ਮੈਂ ਕੋਈ ਫਰਕ ਨਹੀਂ ਜਾਣਦਾ ਹਾਂ। ਪ੍ਰਭੂ ਤੁਹਾਨੂੰ ਬਰਕਤ ਦੇਵੇ।

7 ਹੁਣ, ਕਲ ਸਵੇਰ ਦੀ ਮੀਟਿੰਗ ਵਿੱਚ, ਜੇ ਇਹ ਪਰਮੇਸ਼ਵਰ ਦੀ ਮਰਜੀ ਹੋਵੇ, ਤਾਂ ਮੈਂ *ਵਿਆਹ ਅਤੇ ਤਲਾਕ* ਦੇ ਵਿਸ਼ੇ ਤੇ ਬੋਲਣ ਵਾਲਾ ਹਾਂ। ਅਤੇ ਅਸੀਂ ਯਕੀਨ ਕਰਦੇ ਹਾਂ ਕੀ ਤੁਸੀਂ, ਆਪਣੇ ਕਾਗਜ ਤੇ ਪੈਨਸਿਲਾਂ ਲੈ ਕੇ ਆਵੋਂਗੇ। ਅਸੀਂ ਬਹੁਤਾ ਚਿਰ ਨਹੀਂ ਲਾਵਾਂਗੇ, ਪਰੰਤੂ ਮੈਂ ਚਾਹਾਂਗਾ...ਇੰਡਿਆਨਾ ਵਿੱਚ, ਮੇਰੀ ਵਾਪਸੀ ਦਾ ਮੰਤਵ ਇਹੋ ਹੀ ਸੀ, ਜਿਹਦਾ ਮੈਂ ਤੁਹਾਡੇ ਨਾਲ ਵਾਇਦਾ ਕੀਤਾ ਸੀ। ਮੈਂ ਕੱਲ੍ਹ ਸਵੇਰੇ, ਕੋਸ਼ਿਸ਼ ਕਰਾਂਗਾ। ਜੇ ਮੈਂ ਕਲ ਸਵੇਰੇ ਨਾ ਆ ਸਕਿਆ, ਤਾਂ ਕਲ ਰਾਤ ਨੂੰ ਆਵਾਂਗਾ। ਪਰ ਮੈਂ ਕਲ ਸਵੇਰ ਯਤਨ ਕਰਾਂਗਾ, ਜੇ ਪ੍ਰਭੂ ਨੇ ਚਾਹਿਆ, ਕੀ ਇਸ ਵਿਸ਼ੇ ਤੇ ਬੋਲਾਂ। ਇਸ ਵਿਸ਼ੇ ਦੀਆਂ ਦੋ ਵਿਚਾਰਧਾਰਾਂ ਹਨ। ਪਰ ਪਰਮੇਸ਼ਵਰ ਸਾਡੀ ਮੱਦਦ ਕਰੇ ਕਿ ਅਸੀਂ ਜਾਣ ਜਾਈਏ ਕਿ ਸੱਚਾਈ ਕੀ ਹੈ, ਸੱਚਾਈ ਨੂੰ ਜਾਣ ਲੈਣ ਤੇ ਹੀ ਅਸੀਂ ਸੱਚਾਈ ਤੇ ਉਜਾਲੇ ਵਿੱਚ ਚੱਲ ਸਕਦੇ ਹਾਂ। ਅਸੀਂ...

8 ਤੁਹਾਨੂੰ ਪਤਾ ਹੀ ਹੈ, ਕਿ ਸਾਡਾ ਇੱਕ ਮਿੱਤਰ ਕਾਲੇ ਰੰਗ ਦਾ ਹੁੰਦਾ ਸੀ। ਉਸੇ ਨੇ ਮੈਨੂੰ ਆਖਿਆ, "ਭਾਈ ਬਿਲ," ਉਹਨੇ ਆਖਿਆ, "ਮੈਂ—ਮੈਂ ਨਹੀਂ ਚਾਹੁੰਦਾ ਕਿ ਨਦੀ ਦੇ ਉੱਤੇ ਕੋਈ ਕਸ਼ਟ ਹੋਵੇ।" ਉਹਨੇ ਕਿਹਾ, "ਮੈਂ ਆਪਣੀ ਆਪਣੇ ਹੱਥ ਵਿੱਚ ਲੈਣਾ ਚਾਹੁੰਦਾ ਹਾਂ। ਅਤੇ ਜਦ ਸੀਟੀ ਵੱਜੇ, ਤਾਂ ਮੈਂ ਉੱਥੇ ਕੋਈ ਕਸ਼ਟ ਨਹੀਂ ਚਾਹੁੰਦਾ। ਬਹੁਤ ਸਮਾਂ ਪਹਿਲਾਂ ਹੀ, ਮੈਂ ਪ੍ਰਭੂ ਕੋਲੋਂ ਪੁੱਛਿਆ ਸੀ, ਕਿ ਜੇ ਮੇਰੇ ਵਿੱਚ ਕੋਈ ਬੁਰਿਆਈ ਹੋਵੇ, ਤਾਂ ਮੈਨੂੰ ਉਹਦਾ ਸੁਧਾਰ ਹੁਣੇ ਹੀ ਕਰ ਲੈਣ ਦੇ," ਆਖਿਆ, "ਕਿਉਂਕਿ ਉਸ ਸਵੇਰ ਹਨੇਰਾ ਅਤੇ ਤੂਫਾਨ ਹੋਵੇਗਾ ਜਦ ਜਹਾਜ ਦੂਜੇ ਪਾਸੇ ਨੂੰ ਜਾਣ ਲਈ ਨਿਕਲੇਗਾ।" ਅਤੇ ਕਿਹਾ, "ਮੈਂ ਕਿਸੇ ਤਰ੍ਹਾਂ ਦਾ ਵੀ ਦਖਲ ਨਹੀਂ ਚਾਹੁੰਦਾ ਹਾਂ। ਤੇ ਮੈਂ ਹੁਣੇ ਹੀ ਹਰੇਕ ਗੱਲ ਦੀ ਦੇਖਭਾਲ ਕਰ ਲੈਣਾ ਚਾਹੁੰਦਾ ਹਾਂ।" ਅਸੀਂ ਇਸੇ ਗੱਲ ਲਈ ਤਾਂ ਇੱਥੇ ਮੌਜੂਦ ਹਾਂ ਤਾਂ ਕਿ ਕਿਸੇ ਗੱਲ ਦੀ ਦਖਲਅੰਦਾਜੀ ਬਾਕੀ ਨਾ ਰਹੇ ਤਾਂ ਕਿ ਅਸੀਂ ਉਸ ਸਮੇਂ ਜਹਾਜ ਤੇ ਚੜ੍ਹ ਸੱਕੀਏ।

9 ਹੁਣ, ਮੈਂ ਬਹੁਤਾ ਚਿਰ ਤੁਹਾਡੇ ਨਾਲ ਸੰਦੇਸ਼ ਦੀ ਗੱਲ ਨਹੀਂ ਕਰਾਂਗਾ, ਕਿਉਂ ਜੋ ਕਲ ਅਸੀਂ ਦੋ ਬੰਦਗੀਆਂ ਲੈਣੀਆਂ ਹਨ। ਅਤੇ ਫਿਰ ਮੈਂ ਉਸੇ ਹੀ ਵੇਲੇ ਨਿਕਲ ਤੁਰਨਾ ਹੈ, ਕਿਤੇ ਹੋਰ, ਕੁਝ ਹੋਰ ਬੰਦਗੀਆਂ ਲੈਣ ਦੇ ਲਈ।

10 ਪਰ, ਹੁਣ, ਬਿਵਸਥਾ ਸਾਰ ਦੀ ਪੋਥੀ ਵਿੱਚ। ਮੈਂ ਇਸ ਦੇ 16ਵੇਂ ਬਾਬ ਦੀਆਂ, ਪਹਿਲੀਆਂ ਤਿੰਨ ਆਇਤਾਂ, ਨੂੰ ਪੜ੍ਹਨਾ ਚਾਹੁੰਦਾ ਹਾਂ, ਬਿਵਸਥਾ ਸਾਰ ਦੀ ਪੋਥੀ 16:1 ਤੋਂ 3

*ਅਬੀਬ ਦੇ ਮਹੀਨੇ ਨੂੰ ਤੁਸੀਂ ਮਨਾਇਆ ਕਰੋ ਅਤੇ ਯਹੋਵਾਹ ਤੁਹਾਡਾ ਪਰਮੇਸ਼ਵਰ ਲਈ ਪਸਹ ਕਰੋ: ...ਕਿਉਂ ਜੋ ਅਬੀਬ ਦੇ* (ਚੌਥੇ) *ਮਹੀਨੇ ਵਿੱਚ ਯਹੋਵਾਹ ਤੁਹਾਡਾ ਪਰਮੇਸ਼ਵਰ ਤੁਹਾਨੂੰ ਮਿਸਰ ਤੋਂ ਰਾਤ ਦੇ—ਦੇ ਵੇਲੇ ਕੱਢ ਲਿਆਇਆ।*

*ਤੁਸੀਂ ਚੌਣੇ ਅਤੇ ਇੱਜੜ ਤੋਂ ਯਹੋਵਾਹ ਆਪਣੇ ਪਰਮੇਸ਼ਵਰ ਲਈ, ਉਸ ਸਥਾਨ ਵਿੱਚ ਪਸਾਹ ਚੜ੍ਹਾਓ, ਜਿਹੜਾ ਯਹੋਵਾਹ ਆਪਣਾ ਨਾਲ ਵਸਾਉਣ ਲਈ* ਚੁਣੇਗਾ।

11 ਹੁਣ, ਅੱਜ ਦੀ ਰਾਤ ਮੇਰਾ ਵਿਸ਼ਾ ਹੈ: *ਪਰਮੇਸ਼ਵਰ ਦਾ ਚੁਣਿਆ ਹੋਇਆ ਭਗਤੀ ਦਾ ਥਾਂ।*

ਜੇ ਤੁਸੀਂ ਧਿਆਨ ਦਿਉ, ਤਾਂ ਅ-ਬੀ...-ਬ ਦੇ ਮਹੀਨੇ ਦਾ ਅਰਥ ਹੈ, "ਅਪ੍ਰੈਲ" ਮਹੀਨਾ। ਅਪ੍ਰੈਲ ਦੇ ਮਹੀਨੇ ਉਹ ਮਿਸਰੋਂ ਬਾਹਰ ਲਿਆਂਦੇ ਗਏ।

ਅਤੇ ਅੱਜ ਰਾਤ ਅਸੀਂ ਪਰਮੇਸ਼ਵਰ ਦੇ ਭਗਤ ਹੁੰਦੇ ਹੋਏ, ਸਾਨੂੰ ਇਹ ਗੱਲ ਬੜੀ ਅਚਰਜ ਜਿਹੀ ਲੱਗਦੀ ਹੈ, ਜਿਹੜੇ ਦਿਨਾਂ ਵਿੱਚ ਅਸੀਂ ਰਹਿ ਰਹੇ ਹਾਂ, ਅਤੇ ਲੋਕਾਂ ਦੇ ਕਿੰਨੇ ਹੀ ਭਿੰਨ ਭਿੰਨ ਪ੍ਰਕਾਰ ਦੇ ਵਿਚਾਰ ਪਾਏ ਜਾਂਦੇ ਹਨ। ਜਿਨ੍ਹਾਂ ਚਿਰ ਤਕ ਗੱਲਾਂ ਦੇ ਬਾਰੇ ਲੋਕਾਂ ਦੇ ਵਖਰੇ ਵੱਖਰੇ ਵਿਚਾਰ ਹਨ, ਤਾਂ ਵੱਖਰੇ ਵੱਖਰੇ ਪ੍ਰਸ਼ਨ ਵੀ ਹੋਣਗੇ; ਹਰੇਕ ਪੁੱਛੇ ਗਏ ਪ੍ਰਸ਼ਨ ਦੇ ਲਈ ਇੱਕ ਹੀ ਸੱਚਾ ਜਵਾਬ ਹੈ।

ਜੇ ਮੈਂ ਪ੍ਰਸ਼ਨ ਪੁੱਛਾਂ ਕਿ, "*ਇਹ* ਕੀ ਹੈ?"

"ਠੀਕ ਹੈ," ਉਹ ਕਹਿਣਗੇ, "ਇਹ ਤਾਂ ਡੈਸਕ ਹੈ।"

"ਇਹ ਕਾਹਦੇ ਲਈ ਹੈ?" ਵੇਖਿਆ ਜੇ?

12 ਹੁਣ, ਕੋਈ, ਕਹਿ ਸਕਦਾ ਹੈ ਕਿ, "ਇਹ ਤਾਂ ਡੈਸਕ ਨਹੀਂ ਹੈ। ਇਹ ਤਾਂ ਫੱਟਾ ਹੈ।" ਠੀਕ ਹੈ, ਇਹ ਤਾਂ ਫੱਟਾ ਹੈ, ਪਰ ਫਿਰ ਵੀ ਡੈਸਕ ਹੈ। ਤੁਸੀਂ ਵੇਖਿਆ, ਇਹਦਾ ਕੋਈ ਸੱਚਾ ਜਵਾਬ ਹੋਣਾ ਹੀ ਹੈ।

ਜੇ ਮੈਂ ਕਿਸੇ ਵੀ ਚੀਜ ਦੇ ਬਾਰੇ ਪ੍ਰਸ਼ਨ ਪੁੱਛਾਂ, ਤਾਂ ਉਹ ਦਾ ਸੱਚਾ ਜਵਾਬ ਹੋਵੇਗਾ। ਕੁਝ ਲਾਗੇ ਜਿਹੇ ਹੀ ਹੋਵੇਗਾ; ਪਰ ਉਹ ਸੱਚਾ ਹੀ ਹੋਣਾ ਹੈ, ਹਰੇਕ ਪ੍ਰਸ਼ਨ ਦਾ ਸਿੱਧਾ ਜਵਾਬ। ਇਸ ਲਈ, ਹਰੇਕ ਪ੍ਰਸ਼ਨ ਜਿਹੜਾ ਸਾਡੇ ਜੀਵਨਾਂ ਵਿੱਚ ਉੱਠਦਾ ਹੈ, ਉਹਦਾ ਸੱਚਾ ਅਤੇ, ਠੀਕ ਜਵਾਬ ਜਰੂਰ ਹੈ।

13 ਅਤੇ ਹੁਣ, ਅੱਜ ਕਲ, ਅਸੀਂ ਕਹਿੰਦਿਆਂ ਸੁਣਦੇ—ਸੁਣਦੇ ਹਾਂ, ਕਈ ਸਾਡੇ ਲੋਕ ਜਿਹੜੇ ਅੱਜ ਦੇ ਜਹਾਨ ਵਿੱਚ ਹਨ...

ਮੈਂ ਮਿਸ਼ਨਰੀ ਹੁੰਦਿਆਂ, ਸਮੁੰਦਰੋਂ ਪਾਰ ਤੇ ਸਾਰੇ ਸੰਸਾਰ ਦੇ ਦੁਆਲੇ ਕਈ ਗੇੜੇ ਕੱਢੇ ਹਨ, ਮੇਰਾ ਵਾਹ ਕਈ ਵੱਖਰੇ ਧਰਮਾਂ ਨਾਲ ਰਿਹਾ ਹੈ, ਜਿਵੇਂ ਕਿ ਬੁੱਧ ਧਰਮ, ਅਤੇ ਮੁਹੰਮਦੀ ਧਰਮ, ਸਿੱਖ, ਅਤੇ ਜੈਨ ਅਤੇ ਕਿੰਨੇ ਕੁ, ਸੰਸਾਰ ਦੇ ਧਰਮ। ਆਪਣੇ ਹੀ ਯੂ. ਐਸ. ਏ. ਚ ਵੇਖ ਲਓ; ਅਤੇ ਨਾਲੇ ਬਾਹਰਲੇ ਦੇਸ਼ਾਂ ਵਿੱਚ ਵੀ, ਬਹੁਤ ਸਾਰੀਆਂ ਸਾਡੀਆਂ ਮਿਸ਼ਨਾਂ, ਜਿਵੇਂ ਕਿ ਸਾਡੀਆਂ ਕਲਿਸਿਆਵਾਂ ਨੂੰ ਮਿਲਣ ਦਾ ਮੌਕਾ ਮਿਲਦਾ ਹੈ, ਜਿਵੇਂ ਕਿ ਸਾਡੀਆਂ ਜੱਥੇਬੰਦ ਕਲੀਸਿਆਵਾਂ, ਸ਼ੁਰੂ ਦੀ ਰੋਮਨ ਕੈਥੋਲਿਕ ਕਲੀਸੀਆ ਤੋਂ ਸ਼ੁਰੂ ਕਰਕੇ, ਤਦ ਉਹ ਯੂਨਾਨੀ ਕਲੀਸੀਆ, ਤੇ ਇਸੇ ਹੀ ਤਰ੍ਹਾਂ ਹੋਰ ਵੀ ਕਿੰਨੀਆਂ ਕੁ ਕਲੀਸਿਆਵਾਂ, ਤੇ-ਉਹਨਾਂ ਦੀਆਂ ਵੱਖਰੀਆਂ ਵੱਖਰੀਆਂ ਰੀਤਾਂ। ਤੇ ਤਦ...ਸਭ ਜਥੇਬੰਦੀ ਦੇ ਯੁਗਾਂ ਵਿੱਚ, ਕੋਈ ਨੌ ਕੁ ਸੌ ਅਤੇ ਕੁਝ ਹੋਰ ਅਲੱਗ ਪ੍ਰੋਟੈਸਟੈਂਟ ਜਥੇਬੰਦੀਆਂ।

ਹੁਣ, ਹਰੇਕ ਉਹਨਾਂ ਵਿੱਚੋਂ, ਬੇਸ਼ੱਕ, ਤੁਸੀਂ ਉਹਨਾਂ ਦੇ ਵਿਚਾਰ ਵੇਖ ਸਕਦੇ ਹੋ। ਅਤੇ ਮੈਂ ਉਹਨਾਂ ਨੂੰ ਦੋਸ਼ ਨਹੀਂ ਦੇ ਸਕਦਾ। ਹਰੇਕ ਦਾਵਾ ਕਰਦੇ ਹਨ ਕਿ ਅਸੀਂ ਹੀ ਸੱਚੇ ਹਾਂ। ਉਹਨਾਂ ਕੋਲ ਹੀ ਸੱਚ ਹੈ। ਅਤੇ ਲੋਕ ਜਿਹੜੇ ਮਿਸ਼ਨਾਂ ਵਿੱਚ ਹਨ ਉਹ ਇਹ ਆਖਦੇ ਹਨ, ਕਿਉਂਕਿ ਉਹਨਾਂ ਆਪਣੀ—ਆਪਣੀ ਮੰਜਿਲ, ਤੇ ਸਦੀਪਕ ਮੰਜਿਲ, ਉਸ ਮਿਸ਼ਨ ਦੀ ਸਿੱਖਿਆ ਤੇ ਆਧਾਰਿਤ ਕੀਤੀ ਹੋਈ ਹੈ। ਤੇ ਉਹ ਇੱਕ ਦੂਜੇ ਤੋਂ, ਇੰਨੇ ਭਿੰਨ ਹਨ, ਕਿ ਉਹਨਾਂ ਵਿੱਚੋਂ ਕੋਈ ਨੌ ਕੁ ਸੌ ਸਵਾਲ ਪੈਦਾ ਹੋ ਜਾਂਦੇ ਹਨ।

ਇਸ ਲਈ, ਤੇ ਨੌ ਸੌ ਅਤੇ ਕੁਝ ਅਲੱਗ ਪ੍ਰਸ਼ਨ ਹੋਣ ਦੇ ਨਾਤੇ, ਜਰੂਰ ਹੀ ਹੈ ਕਿ ਇੱਕ ਸੱਚਾ ਜਵਾਬ ਹੋਵੇ। ਅੱਜ ਦੀ ਰਾਤ ਉਸ ਸੱਚ ਦੀ ਭਾਲ ਵਿੱਚ, ਮੈਂ ਚਾਹੁੰਦਾ ਹਾਂ ਕਿ ਅਸੀਂ ਜਿਹੜੇ ਸਵਰਗ ਵਿੱਚ ਜਾਣ ਦਾ ਯਤਨ ਕਰ ਰਹੇ ਹਾਂ, ਅਤੇ ਪ੍ਰਭੂ ਯਿਸੂ ਨੂੰ ਵੀ ਮਿਲਣ ਦਾ ਜਿਹਨੂੰ ਅਸੀਂ ਪਿਆਰ ਕਰਦੇ ਹਾਂ, ਮੈਂ ਪਵਿੱਤਰ ਲਿਖਤਾਂ ਨੂੰ ਖੋਜ ਕੇ ਇਹਦਾ ਜਵਾਬ ਲੱਭਾਂਗਾ।

14 ਸੋ ਜੇ ਇਹ ਧਰਮ ਗ੍ਰੰਥ ਦਾ ਪ੍ਰਸ਼ਨ ਹੈ, ਤਾਂ ਇਹਦਾ ਜਵਾਬ ਵੀ ਪਵਿੱਤਰ ਬਾਈਬਲ ਵਿੱਚੋਂ ਹੀ ਮਿਲੇਗਾ ਇਹ ਕਿਸੇ ਆਦਮੀਆਂ ਦੀ ਟੋਲੀ, ਕਿਸੇ ਖਾਸ ਕਿਸਮ ਦੀ ਸੰਗਤ ਤੋਂ ਨਹੀਂ ਹੋਵੇਗਾ। ਜਾਂ ਕਿਸੇ ਉਸਤਾਦ ਤੋਂ ਨਹੀਂ, ਤੇ ਨਾ ਹੀ ਕਿਸੇ ਬੱਝੀ ਹੋਈ ਮਿਸ਼ਨ ਤੋਂ ਹੀ। ਇਹਨੂੰ ਤਾਂ ਸਿੱਧਾ ਹੀ ਪਵਿੱਤਰ ਲਿਖਤਾਂ ਵਿੱਚੋਂ ਆਉਣਾ ਚਾਹੀਦਾ ਹੈ, ਜਿਹੜੀ ਕਿ ਪਰਮੇਸ਼ਵਰ ਦੀ ਭਗਤੀ ਲਈ ਮਿਲਣ ਵਾਲੀ, ਥਾਂ ਹੈ। ਅਤੇ ਪੱਕੇ ਤੌਰ ਤੇ, ਪਰਮੇਸ਼ਵਰ ਹੋਣ ਦੇ ਨਾਤੇ ਕਿਤੇ ਮਿਲਣ ਦੀ ਥਾਂ ਹੈ, ਜਿੱਥੇ ਉਹ ਮਿਲਦਾ ਹੈ।

15 ਹੁਣ, ਸਾਨੂੰ ਪਤਾ ਲੱਗਦਾ ਹੈ ਕਿ ਇੱਥੇ ਮੂਸਾ ਆਰੰਭ ਵਿੱਚ, ਬਿਵਸਥਾ ਸਾਰ ਦੀ ਪੋਥੀ ਵਿੱਚ, ਪਵਿੱਤਰ ਲਿਖਤਾਂ ਦਾ ਪਾਠ ਕਰ ਰਿਹਾ ਸੀ, ਉਹ ਗੱਲਾਂ

ਜਿਹੜੀਆਂ ਉਹਨੇ ਉਹਨਾਂ ਨੂੰ ਦੱਸੀਆ; ਕਿ ਕਿਵੇਂ ਪਰਮੇਸ਼ਵਰ ਬਲਵੰਤ ਬਾਂਹ ਨਾਲ, ਉਹਨਾਂ ਨੂੰ ਮਿਸਰ ਵਿੱਚੋਂ, ਕੱਢ ਲਿਆਇਆ ਸੀ, ਤੇ ਉਹਨਾਂ ਪਹਿਲਾਂ ਕਿਵੇਂ ਸਥਾਪਤ ਕੀਤਾ ਸੀ। ਤੇ ਉਹਨਾਂ ਪਹਿਲਾਂ ਕਿਵੇਂ ਸਥਾਪਤ ਕੀਤਾ ਸੀ।

ਜਿਨ੍ਹਾਂ ਚਿਰ ਤਕ ਉਹ ਮਿਸਰੋਂ ਬਾਹਰ ਨਹੀਂ ਆਏ, ਉਹ "ਪਰਮੇਸ਼ਵਰ ਦੇ ਲੋਕ" ਅਖਵਾਏ। ਤਦ ਉਹ "ਪਰਮੇਸ਼ਵਰ ਦੀ ਕਲੀਸੀਆ" ਅਖਵਾਏ। ਕਿਉਂਕਿ, ਕਲੀਸੀਆ ਉਹ ਹੈ ਜਿੱਥੇ ਜੁੜੀਦਾ ਹੈ, ਜਾਂ, ਸੱਚ ਵਿੱਚ, *ਕਲੀਸੀਆ* ਦਾ ਅਰਥ ਹੈ "ਬਾਹਰ ਬੁਲਾਏ ਹੋਏ," ਉਹ ਜਿਹੜੇ ਬਾਹਰ ਬੁਲਾਏ ਗਏ ਹਨ ਤੇ ਕਲੀਸੀਆ ਹੋਣ ਦੇ ਲਈ, ਉਹ ਮਿਸਰ ਵਿੱਚੋਂ ਬਾਹਰ ਆਏ।

16 ਹੁਣ ਪਰਮੇਸ਼ਵਰ ਨੇ ਉਹਨਾਂ ਨੂੰ ਦੱਸਿਆ, ਜਦ ਉਹ…ਇਸ ਤੋਂ ਪਹਿਲਾਂ ਕਿ ਉਹਨਾਂ ਮੰਦਰ ਬਣਾਇਆ ਜਾਂ ਜੋ ਕੁਝ ਵੀ ਉਹਨਾਂ ਕੀਤਾ, "ਮੈਂ ਆਪਣੀ ਭਗਤੀ ਦੀ ਥਾਂ ਚੁਣਾਂਗਾ, ਅਤੇ ਮੈਂ ਅਪਨਾ ਨਾਮ ਉੱਥੇ ਰੱਖਾਂਗਾ।" ਇਹੋ ਹੀ ਉਹ ਜਗ੍ਹਾ ਹੋਵੇਗੀ ਜਿੱਥੇ ਪਰਮੇਸ਼ਵਰ ਕਦੇ ਕਿਸੇ ਨੂੰ ਮਿਲੇਗਾ, ਜਿਹੜੀ ਉਹਨੇ ਆਪਣੇ ਆਪ ਚੁਣੀ ਹੈ। ਉਹਨੇ ਆਪਣੀ ਜਗ੍ਹਾ ਚੁਣੀ। ਤੇ ਕਿੱਥੇ ਉਹਨੇ ਆਪਣੀ ਜਗ੍ਹਾ ਚੁਣੀ, ਜਿੱਥੇ ਉਹਨੇ ਆਪਣਾ ਨਾਮ ਰੱਖਿਆ। ਦੂਜੀ ਆਇਤ ਇੱਥੇ ਸਾਨੂੰ ਦੱਸਦੀ ਹੈ, "ਉਹ ਆਪਣਾ ਨਾਮ ਉਸ ਜਗ੍ਹਾ ਤੇ ਰੱਖੇਗਾ ਜਿਹੜੀ ਉਹਨੇ ਲੋਕਾਂ ਨੂੰ ਆਪਣੀ ਭਗਤੀ ਕਰਨ ਵਾਸਤੇ ਚੁਣੀ ਹੈ।" ਹੁਣ, ਗੱਲ ਇਹ ਹੈ ਕਿ, ਅਸੀਂ ਉਹ ਥਾਂ ਲਭ੍ਹਨੀ ਚਾਹੁੰਦੇ ਹਾਂ ਕਿ ਉਹ ਕਿੱਥੇ ਹੈ।

17 ਅਤੇ ਨੌ ਕੁ ਸੌ ਵੱਖਰੇ ਵਿਚਾਰਾਂ ਦੇ ਨਾਲ, ਇਹ ਹੋਣ ਦੇ ਨਾਤੇ, ਅਸੀਂ ਸਾਰੇ ਹੀ ਮੂਰਤੀ ਪੂਜਕ ਧਰਮਾਂ ਨੂੰ ਵੀ ਛੱਡ ਗਏ ਹਾਂ, ਤੇ ਅਸੀਂ ਇਹਨੂੰ ਮਸੀਹਤ ਆਖਦੇ ਹਨ। ਮੂਰਤੀਪੂਜਕਾਂ ਦੇ ਲਈ, ਮੇਰੇ ਦਿਲ ਵਿੱਚ ਹਮਦਰਦੀ ਹੈ, ਜਾਂ ਨਹੀਂ ਤਾਂ ਮੈਂ ਜਾ ਕੇ ਉਹਨਾਂ ਨਾਲ ਗੱਲਾਂ ਨਾ ਕਰਦਾ। ਪਰ, ਉਹ ਗਲਤ ਹਨ। ਮਸੀਹਤ ਹੀ ਇੱਕ ਧਰਮ ਹੈ ਜੋ ਕਿ ਸੱਚਾ ਹੈ, ਕੇਵਲ ਮਸੀਹਤ ਹੀ। ਅਤੇ ਮੈਂ ਇਹ ਇਸ ਲਈ ਬਿਲਕੁਲ ਠੀਕ ਨਹੀਂ ਕਹਿ ਰਿਹਾ ਕਿ ਮੈਂ ਮਸੀਹੀ ਹਾਂ; ਕਿਉਂਕਿ, ਮੈਂ ਇਹਨੂੰ ਸੱਚ ਹੋਣ ਦੀ ਪ੍ਰਤੀਤ ਕਰਦਾ ਹਾਂ। ਇਹੋ ਹੀ ਕੇਵਲ ਮਾਤਰ ਧਰਮ ਹੈ ਜਿਹੜਾ ਸੱਚਾ ਹੈ।

18 ਮੈਂ ਉਸ ਕਬਰ ਨੂੰ ਜਾ ਕੇ ਵੇਖਿਆ ਹੈ ਜਿੱਥੇ ਹਰ ਚਾਰ ਘੰਟੇ ਮਗਰੋਂ ਚਿੱਟਾ ਘੋੜਾ ਬਦਲਿਆ ਜਾਂਦਾ ਹੈ। ਜਿੱਥੇ, ਮੁਹੰਮਦ, ਵੱਡਾ ਧਰਮ ਦਾ ਆਗੂ ਅਤੇ-ਅਤੇ ਮਸੀਹ ਦੇ ਪਿੱਛੋਂ ਹੋਇਆ ਦੱਬਿਆ ਪਿਆ ਹੈ, ਨਬੀ ਹੋਣ ਦਾ ਦਾਵਾ ਕਰਦਾ ਸੀ, ਮੈਨੂੰ ਕੋਈ ਸ਼ੰਕਾ ਨਹੀਂ ਹੈ ਕਿ ਉਹ ਕੀ ਸੀ, ਠੀਕ ਮਕਾਬੀ ਭਰਾਵਾਂ ਦੇ ਪਿੱਛੋਂ। ਪਰ ਜਦ…ਉਹ ਮਰਿਆ ਉਹ ਇਹ ਦਾਵਾ ਕਰਕੇ ਗਿਆ ਸੀ ਕਿ ਮੈਂ ਮੁੜ ਜੀ ਉੱਠਣ ਤੇ ਸਾਰੀ ਦੁਨੀਆਂ ਫਤਹ ਕਰ ਲੈਣੀ ਹੈ। ਤੇ ਹੁਣ, ਇਸੇ ਲਈ

ਹਰ ਚਾਰ ਘੰਟਿਆਂ ਪਿੱਛੋਂ ਉਹ ਪਹਿਰਾ ਬਦਲਦੇ ਹਨ, ਤੇ ਉਹਦੀ ਕਬਰ ਤੇ ਚਿੱਟਾ ਘੋੜਾ ਰੱਖਦੇ ਹਨ। ਇਹ ਕੰਮ ਕਰਦਿਆਂ, ਉਹਨਾਂ ਨੂੰ 20 ਕੁ ਸਦੀਆਂ ਹੋ ਚੱਲੀਆਂ ਹਨ, ਭਈ ਉਹ ਜੀ ਪਊ ਤੇ ਉਹ ਸਾਰੀ ਦੁਨੀਆਂ ਫਤਹ ਕਰੂ। ਪਰ ਤੁਸਾਂ ਵੇਖ ਹੀ ਲਿਆ…

19 ਤੁਸੀਂ ਮਹਾਤਮਾ ਬੁੱਧ ਨੂੰ ਵੇਖੋ; ਉਹ ਕਈ ਹਜਾਰ ਸਾਲਾਂ ਤਕ ਜਿੰਦਾ ਸੀ, ਅੱਜ ਤੋਂ ਕੋਈ ਤੇਈ ਕੁ ਸਾਲ ਪਹਿਲਾਂ, ਜੋ ਕਿ ਜਪਾਨ ਦਾ-ਦਾ ਦੇਵਤਾ ਹੈ। ਅਤੇ ਇਸ ਕਰਕੇ ਉਹ ਇੱਕ ਫਿਲੋਸਫ਼ਰ ਸੀ, ਤੇ ਕਨਫ਼ੀਊਮਸ ਵਰਗਾ ਹੀ ਸੀ, ਅਤੇ ਇਸੇ ਤਰ੍ਹਾਂ।

ਪਰ ਇਹ ਸਾਰੇ ਹੀ, ਤੇ…ਸੰਸਥਾਪਕ, ਅਤੇ ਆਦਿ, ਇਹ ਸਾਰੇ ਹੀ ਆਪਣੀਆਂ ਫਿਲੋਸਫ਼ੀਆਂ ਨਾਲ ਲੈ ਕੇ ਮਰ ਗਏ, ਤੇ ਕਬਰਾਂ ਵਿੱਚ ਦੱਬੇ ਪਏ ਹਨ।

ਪਰੰਤੂ ਮਸੀਹਤ, ਜਿਸਨੂੰ ਯਿਸੂ ਮਸੀਹ ਨੇ ਸਥਾਪਿਤ ਕੀਤਾ, ਉਹਦੀ ਕਬਰ ਖਾਲੀ ਹੈ ਉਹ ਇਕੱਲਾ ਹੀ ਅਜਿਹਾ ਪੁਰਖ ਸੀ ਜਿਹੜਾ ਇਸ ਧਰਤੀ ਤੇ ਖੜ੍ਹਾ ਹੋਇਆ, ਜੀਆ ਤੇ ਜਿਸ ਨੇ ਦਾਅਵਾ ਕੀਤਾ, "ਮੈਨੂੰ ਆਪਣੀ ਜਾਣ ਦੇਣ ਅਤੇ ਲੈਣ ਦਾ ਪੂਰਾ ਅਧਿਕਾਰ ਹੈ।" ਤੇ ਉਹਨੇ ਇਹ ਕੀਤਾ। ਅਤੇ ਉਹ ਅੱਜ ਵੀ ਜਿਉਂਦਾ ਹੈ।

ਅਸੀਂ ਜਾਣਦੇ ਹਾਂ ਕਿ ਉਹ ਜਿਉਂਦਾ ਹੈ, ਕਿਉਂਕਿ ਉਹ ਸਾਡੇ ਨਾਲ ਹੈ ਤੇ ਆਪਣੇ ਪ੍ਰਮਾਣ ਪਰਤੱਖ ਨਿਸ਼ਾਨਾਂ ਅਤੇ ਅਚੰਭਿਆਂ ਦੇ ਨਾਲ ਦਿੰਦਾ ਹੈ, ਤੇ ਅਜਿਹਾ ਕਰਨ ਦਾ ਉਹਨੇ ਵਾਦਾ ਵੀ ਕੀਤਾ ਸੀ। ਇੱਥੋਂ ਤਕ ਕਿ, ਉਹ ਅੱਗ ਦਾ ਖੰਭਾ ਬਣ ਕੇ ਉਹ ਇਸਰਾਏਲੀ ਬੱਚਿਆਂ ਦਾ ਉਜਾੜ ਵਿੱਚ ਆਗੂ ਬਣਿਆ, ਤੇ ਇਹ ਅੱਜ ਸਾਡੇ ਵੀ ਨਾਲ ਹੈ, ਇਹਦੀਆਂ ਤਸਵੀਰਾਂ ਵੀ ਖਿੱਚੀਆਂ ਗਈਆਂ ਹਨ; ਨਿਸ਼ਾਨ ਅਤੇ ਅਚੰਭਿਆਂ ਨੂੰ ਵਿਖਾਉਂਦੇ ਹੋਏ, ਜਿਹਦਾ ਉਹਨੇ ਵਾਇਦਾ ਕੀਤਾ ਸੀ ਕਿ ਉਹ ਇਸ ਦਿਨ ਵਿੱਚ ਕਰੇਗਾ, ਇਹ ਵੇਖਦੇ ਹੋਏ ਕਿ ਜਿਹੜੇ ਵਚਨਾਂ ਦਾ ਉਹਨੇ ਵਾਇਦਾ ਕੀਤਾ ਹੋਇਆ ਸੀ ਉਹ ਅੱਜ ਦੇ ਦਿਨ ਪ੍ਰਗਟ ਹੋਏ ਹਨ। ਇਸ ਲਈ, ਬਾਕੀ ਸਾਰੇ ਦਾ ਸਾਰਾ ਜਹਾਨ ਬਾਹਰ ਹੈ। ਪਰ ਸੱਚੀ ਮਸੀਹਤ ਹੀ ਹੈ!

20 ਹੁਣ, ਇਦਾਂ ਹੋਣ ਨਾਲ ਕੋਈ ਨੌ ਸੌ ਕੁ ਅਤੇ ਕੁਝ ਕੁ ਪ੍ਰਸ਼ਨ ਹਨ ਕਿ ਪਰਮੇਸ਼ਵਰ ਕਿੱਥੇ ਮਿਲਦਾ ਹੈ, "ਕੀ ਉਹ ਮੇਥੋਡਿਸਟਾਂ ਵਿੱਚ ਮਿਲਦਾ ਹੈ, ਜਾਂ ਉਹ ਬੇਪਟਿਸਟਾਂ ਵਿੱਚ ਮਿਲਦਾ ਹੈ, ਜਾਂ ਉਹ *ਇਹਦੇ* ਵਿੱਚ ਮਿਲਦਾ ਹੈ ਜਾਂ ਉਹ *ਉਹਦੇ* ਵਿੱਚ ਮਿਲਦਾ ਹੈ ਜਾਂ ਉਹ ਹੋਰ *ਦੂਜਿਆਂ ਥਾਵਾਂ* ਵਿੱਚ ਮਿਲਦਾ

ਹੈ।” ਹੁਣ, ਇਹ ਪ੍ਰਸ਼ਨ ਬਣਿਆ ਹੋਇਆ ਹੈ, ਸੋ ਹਰੇਕ ਨੇ ਆਪਣੀ ਮੁਕਤੀ ਡਰਦੇ ਤੇ ਕੰਬਦੇ ਹੋਏ ਭਾਲਣੀ ਹੈ।

ਪਰ ਅੱਜ ਰਾਤ ਮੈਂ ਇਹ ਲੱਭਣ ਦਾ ਯਤਨ ਕਰਨਾ ਚਾਹੁੰਦਾ ਹਾਂ ਤੇ ਲਿਖਤਾਂ ਵਿੱਚੋਂ ਸਿੱਧ ਕਰਾਂਗਾ, ਕਿ ਠੀਕ ਜਗ੍ਹਾ ਕਿਹੜੀ ਹੈ ਜਿੱਥੇ ਪਰਮੇਸ਼ਵਰ ਮਿਲਦਾ ਹੈ ਅਤੇ ਲੋਕਾਂ ਦੇ ਨਾਲ ਭਗਤੀ ਕਰਦਾ ਹੈ। ਅਤੇ, ਜੇ ਉਹ ਲੱਭ ਪਵੇ, ਤਾਂ ਇਹ ਸਦਾ ਹੀ ਉਹ ਜਗ੍ਹਾ ਹੋਵੇਗੀ ਜਿੱਥੇ ਉਹ ਮਿਲੇਗਾ।

21 ਹੁਣ, ਅਸੀਂ ਇਹ ਵਿਸ਼ਾ ਬਿਵਸਥਾਸਾਰ ਵਿੱਚੋਂ ਲਿਆ ਹੈ। ਇਹ ਯੂਨਾਨੀ ਦਾ ਸ਼ਬਦ ਹੈ ਜਿਸਦਾ ਮਿਸ਼ਰਿਤ ਅਰਥ ਹੈ, ਜਾਂ, ਇਹਦਾ ਮਤਲਬ, “ਦੋ ਕਾਨੂੰਨ।” ਯੂਨਾਨੀ ਸ਼ਬਦ, *ਬਿਵਸਥਾਸਾਰ*, ਮਤਲਬ “ਦੋ ਅਲੱਗ ਬਿਵਸਥਾਵਾਂ।”

ਤੇ ਇਹ ਬਿਲਕੁਲ ਇਦਾਂ ਹੀ ਪਰਮੇਸ਼ਵਰ ਦੇ ਕੋਲ, ਦੋ ਕਾਨੂੰਨ ਹਨ। ਇੱਕ ਕਾਨੂੰਨ ਤਾਂ ਮੌਤ ਦਾ ਹੈ, ਅਤੇ ਦੂਜਾ ਕਾਨੂੰਨ ਜੀਵਨ ਦਾ ਹੈ। ਪਰਮੇਸ਼ਵਰ ਦੇ ਕੋਲ ਦੋ ਕਾਨੂੰਨ ਹਨ। ਉਹਦੀ ਪੈਰਵੀ ਕਰਨੀ, ਅਤੇ ਉਹਦੀ ਸੇਵਾ ਕਰਨੀ ਤੇ ਉਹਦੀ ਭਗਤੀ ਕਰਨੀ, ਤਾਂ ਜੀਵਨ ਹੈ; ਪਰ ਇਹਨੂੰ ਰੱਦਣਾ ਮੌਤ ਹੈ। ਪਰਮੇਸ਼ਵਰ ਦੇ ਵਿੱਚ ਦੋ ਕਾਨੂੰਨ ਹਨ।

22 ਹੁਣ, ਤੇ ਉਹਨਾਂ ਵਿੱਚੋਂ ਇੱਕ ਨੂੰ...ਦੁਨੀਆਂ ਦੀਆਂ ਅੱਖਾਂ ਸਾਹਮਣੇ ਸੀਨਾ ਦੇ ਪਹਾੜ ਤੇ ਮਾਨਤਾ ਸੀ। ਪਰਮੇਸ਼ਵਰ ਨੇ ਮੂਸਾ ਤੇ ਇਸਰਾਏਲ ਨੂੰ ਬਿਵਸਥਾ ਦਿੱਤੀ। ਇਸ ਲਈ ਨਹੀਂ ਜੋ ਸ਼ਰਾ ਨੇ ਉਹਨਾਂ ਦੀ ਸਹਾਇਤਾ ਕਰਨੀ ਸੀ ਸਗੋਂ ਉਹਨਾਂ ਨੂੰ ਦੱਸਣਾ ਸੀ ਭਈ ਉਹ ਪਾਪੀ ਹਨ। ਜਦ ਤਕ ਸ਼ਰਾ ਨਹੀਂ ਸੀ ਮਿਲੀ, ਉਹਨਾਂ ਤਕ ਉਹਨਾਂ ਨੂੰ ਪਤਾ ਨਾ ਲੱਗ ਸਕਿਆ ਜੋ ਪਾਪ ਕੀ ਹੈ। ਡੰਨ ਦੇ ਬਿਨਾਂ ਸ਼ਰਾ ਹੋ ਨਹੀਂ ਸਕਦੀ। ਇੱਕ ਸ਼ਰਾ, ਡੰਨ ਦੇ ਬਿਨਾਂ ਸ਼ਰਾ ਹੋ ਨਹੀਂ ਸਕਦੀ। ਸੋ ਇਸ ਲਈ, “ਬਿਵਸਥਾ ਦੀ ਉਲੰਘਣਾ ਹੀ ਪਾਪ ਹੈ, ਅਤੇ ਪਾਪ ਦੀ ਮਜੂਰੀ ਮੌਤ ਹੈ।” ਇਸ ਲਈ, ਜਦ ਤਕ ਉਹਨਾਂ ਨੂੰ ਬਿਵਸਥਾ ਨਾ ਮਿਲਦੀ, ਉਹ ਪਾਪ ਨੂੰ ਸਮਝ ਹੀ ਨਹੀਂ ਸਕਦੇ।

ਜੇ ਇਹ ਬਿਵਸਥਾ ਨਾ ਹੋਵੇ ਕਿ ਤੁਸਾਂ ਵੀਹ ਮੀਲ ਪ੍ਰਤੀ ਘੰਟਾ ਦੀ ਚਾਲ ਤੋਂ ਵੱਧ ਗੱਡੀ ਨਹੀਂ ਚਲਾਉਣੀ, ਤਾਂ ਤੁਸੀਂ ਵੀਹ ਮੀਲ ਪ੍ਰਤੀ ਘੰਟਾ ਦੀ ਚਾਲ ਨਾਲੋਂ ਵੱਧ ਵੀ ਗੱਡੀ ਚਲਾ ਨਹੀਂ ਸਕਦੇ ਹੋ। ਪਰ ਜਦੋਂ ਅਜਿਹਾ ਕਾਨੂੰਨ ਮੌਜੂਦ ਹੈ ਜਿਹੜਾ ਕਹੇ ਤੁਸੀਂ ਇਸ ਤਰ੍ਹਾਂ ਨਹੀਂ ਕਰ ਸਕਦੇ ਹੋ, ਤਾਂ ਉਸ ਦੇ ਪਿੱਛੇ ਕਾਨੂੰਨ ਅਤੇ ਸਜਾ ਹੁੰਦੀ ਹੈ।

23 ਹੁਣ, ਪਾਪ ਦੀ ਬਿਵਸਥਾ, ਉਹ ਹੁਕਮ ਸਨ ਜਿਹੜੇ ਸੀਨਾ ਦੇ ਪਹਾੜ ਤੇ ਦਿੱਤੇ ਗਏ, ਜਿੰਨਾਂ ਤੋਂ ਮਨੁੱਖਾਂ ਦਾ ਗਿਆਨ ਹੋਇਆ ਕਿ ਉਹ ਪਾਪੀ ਹੈ।

ਤੇ, ਪਰਮੇਸ਼ਵਰ ਦੀ ਬਿਵਸਥਾ ਨੂੰ ਤੋੜਨ ਦੇ ਕਾਰਣ, ਉਹ ਮਰ ਗਿਆ। ਪਰ ਬਿਵਸਥਾ ਵਿੱਚ ਕੋਈ ਮੁਕਤੀ ਨਹੀਂ ਸੀ। ਬਿਵਸਥਾ...ਤਾਂ ਇੱਕ ਪੁਲਸੀਆ ਹੈ ਜਿਹੜਾ ਤੁਹਾਨੂੰ ਕੈਦ ਖਾਨੇ ਵਿੱਚ ਪਾਉਂਦਾ ਹੈ; ਤੇ ਇਹ ਬਾਹਰ ਕੱਢਣ ਜੋਗਾ ਹੈ ਹੀ ਨਹੀਂ ਸੀ।

ਪਰ ਫਿਰ ਉਸਨੇ ਇੱਕ ਹੋਰ ਬਿਵਸਥਾ ਬਖਸ਼ੀ, ਤੇ ਇਹ ਸੀ ਕਲਵਰੀ ਪਹਾੜ ਦੇ ਉੱਤੇ, ਜਿੱਥੇ ਪਾਪ ਦਾ ਡੰਨ ਮਸੀਹ ਵਿੱਚ ਲਗਾਇਆ ਗਿਆ, ਤੇ ਉੱਥੇ ਡੰਨ ਦਾ ਮੁੱਲ ਤਾਰਿਆ ਗਿਆ। ਇਹ ਬਿਵਸਥਾ ਤੋਂ ਨਹੀਂ...ਸਗੋਂ ਬਿਵਸਥਾ ਤੋਂ ਬਿਨਾਂ, "ਤੁਸੀਂ ਪ੍ਰਭੂ ਦੀ ਕਿਰਪਾ ਦੇ ਨਾਲ ਹੀ ਬਚਾਏ ਗਏ ਹੋ," ਪਰਮੇਸ਼ਵਰ ਦੀ ਕਿਰਪਾ ਨਾਲ, ਤੁਹਾਨੂੰ ਪਰਮੇਸ਼ਵਰ ਨੇ ਆਪਣੇ ਅਗੰਮ ਗਿਆਨ ਪਹਿਲੇ ਤੋਂ ਹੀ ਠਹਿਰਾਇਆ ਗਿਆ।

24 ਹੁਣ ਅਸੀਂ ਇਹਨਾਂ ਦੋ ਬਿਵਸਥਾਵਾਂ ਨੂੰ ਵੇਖਦੇ ਹਾਂ, ਬਿਵਸਥਾਸਾਰ, ਇਹਨਾਂ ਦੋ ਬਿਸਥਾਵਾਂ ਦੇ ਬਾਰੇ ਦੱਸਦੀ ਹੈ। ਦੋ ਬਿਵਸਥਾਵਾਂ ਹਨ। ਇੱਕ ਤਾਂ ਮੌਤ ਦੀ ਬਿਵਸਥਾ ਸੀ, ਅਤੇ ਦੂਜੀ ਜੀਵਨ ਦੀ ਬਿਵਸਥਾ ਸੀ।

25 ਤੇ ਦੋ ਹੀ ਨੇਮ ਲੋਕਾਂ ਨਾਲ ਬੰਨੇ ਗਏ ਸਨ। ਉਹਨਾਂ ਦਾ ਵੇਰਵਾ ਅਸੀਂ ਸਵੇਰ ਵਾਲੀ ਸਭਾ ਵਿੱਚ ਦਿਆਂਗੇ।

ਉਹਨਾਂ ਵਿੱਚੋਂ ਇੱਕ ਨੇਮ ਆਦਮ ਨਾਲ ਸ਼ਰਤ ਦੇ ਆਧਾਰ ਤੇ ਬੱਝਾ, "ਜੇ ਤੂੰ *ਇਹ* ਕਰੇ ਤੇ *ਉਹ* ਨਾ ਕਰੇ," ਤੇ ਉਹ ਬਿਵਸਥਾ ਟੁੱਟ ਗਈ। ਆਦਮ, ਤੇ ਹਵਾ ਨੇ, ਉਸ ਨੂੰ ਅਦਨ ਦੇ ਬਾਗ ਵਿੱਚ ਤੋੜ ਦਿੱਤਾ।

ਤਦੋਂ ਪਰਮੇਸ਼ਵਰ ਨੇ ਦੂਜਾ ਨੇਮ ਅਬਰਾਹਾਮ ਨਾਲ ਬੱਧਾ, ਤੇ ਇਹ ਨੇਮ ਬਿਨਾਂ ਸ਼ਰਤ ਦੇ ਸੀ। "ਇਸ ਦਾ ਆਧਾਰ ਇਹ ਨਹੀਂ ਸੀ ਕਿ ਭਈ ਤੂੰ ਕੀ ਕੀਤਾ ਹੈ ਤੇ ਤੂੰ ਕੀ ਕਰੇਗਾ," ਉਸਨੇ ਕਿਹਾ, "ਮੈਂ ਤਾਂ ਇਹਨੂੰ ਅੱਗਿਓਂ ਹੀ ਕਰ ਛੱਡਿਆ।" ਇਹ ਹੈ ਕਿਰਪਾ। ਇਹ ਹੈ ਜਿਉਂਣ ਦੀ ਬਿਵਸਥਾ। ਪਰਮੇਸ਼ਵਰ ਨੇ ਇਹ ਕੰਮ ਅਬਰਾਹਾਮ ਦੇ ਲਈ ਤੇ ਉਹਦੇ ਪਿੱਛੇ ਉਹਦੇ ਵੰਸ਼ ਲਈ ਕੀਤਾ। ਇਹੀ, ਉਹ ਅਬਰਾਹਾਮ ਦਾ ਵੰਸ਼ ਹੈ।

ਜਿਵੇਂ ਕਿ ਬਾਈਬਲ ਵਿੱਚ ਵੀ ਦੱਸਿਆ ਗਿਆ, "ਸਾਰਾ ਇਸਰਾਏਲ ਬੱਚ ਜਾਵੇਗਾ," ਪਰ ਇਸ ਤੋਂ ਭਾਵ ਯਹੂਦੀ ਨਹੀਂ ਹਨ। ਜਿਦਾਂ ਕਿ ਸੰਤ ਪੋਲੂਸ ਨੇ ਵੀ ਆਖਿਆ, "ਇਸਰਾਏਲੀ ਜਿਹੜੇ ਅੰਦਰੋਂ ਹਨ, ਜਾਂ ਇਸਰਾਏਲੀ ਬਾਹਰੋਂ।" "ਬਾਹਰਵਾਰੋਂ," ਜਿਦਾਂ ਕਿ ਅਸੀਂ ਉਸ ਰਾਤ ਬੋਲੇ ਸਾਂ, ਕਿ ਇਹ ਇਸਹਾਕ ਤੋਂ, ਸ਼ਰੀਰ ਦੀ ਕਾਮਨਾ ਦੇ ਬੱਚੇ ਸਨ। ਪਰ ਪਰਮੇਸ਼ਵਰ ਦੀ ਬਿਵਸਥਾ ਮਸੀਹ ਦੇ ਦੁਆਰਾ ਸੀ, ਜੋ ਕਿ ਅਬਰਾਹਾਮ ਦਾ ਸ਼ਾਹੀ ਵੰਸ਼ ਸੀ, "ਜਿਸਦੀ ਕਿਰਪਾ ਦੇ ਨਾਲ ਹੀ ਸਾਰਾ ਇਸਰਾਏਲ ਬਚਾਇਆ ਹੋਇਆ ਹੈ।" ਅਰਥਾਤ, "ਉਹ ਸਭ

ਜੋ ਮਸੀਹ ਵਿੱਚ ਹਨ ਬਚੇ ਹੋਏ ਹਨ," ਪਰਮੇਸ਼ਵਰ ਦੇ ਦੂਜੇ ਨੇਮ ਦੇ ਅਧੀਨ। ਇਹ ਸਭ ਪਰਮੇਸ਼ਵਰ ਦੇ ਆਉਣ ਤੋਂ ਪਹਿਲਾਂ ਪਰਛਾਵਾਂ ਸੀ।

26 ਹੁਣ ਦੂਜੀ ਆਇਤ ਵੱਲ ਧਿਆਨ ਦਿਓ। ਜਿਹੜੀ ਬਿਵਸਥਾਸਾਰ ਦੇ 16 ਵੇ ਬਾਬ ਦੀ ਦੂਜੀ ਆਇਤ ਹੈ। "ਜਿਹੜੀ ਥਾਂ ਮੈਂ ਚੁਣੀ ਹੈ ਉੱਥੇ ਭਗਤੀ ਕਰੋ।" ਹੁਣ ਤੁਸੀਂ ਪਰਮੇਸ਼ਵਰ ਦੀ ਭਗਤੀ ਉਸੇ ਹੀ ਥਾਂ ਕਰਨੀ ਹੈ, ਉਹਨੇ ਕਿਹਾ, "ਜਿਹੜੀ ਪਰਮੇਸ਼ਵਰ ਨੇ ਆਪ ਚੁਣੀ ਹੈ," ਉਹ ਨਹੀਂ ਜੋ ਕਿਸੇ ਨੇ ਚੁਣੀ, ਪਰ, "ਉਹ ਜਿਹੜੀ ਮੈਂ ਚੁਣੀ ਹੈ।"

ਜੇ, ਉਹ ਥਾਂ ਪਰਮੇਸ਼ਵਰ ਨੇ ਆਪ ਹੀ ਚੁਣੀ ਹੈ, ਤਾਂ ਸਾਡਾ ਇਹ ਫਰਜ ਬਣਦਾ ਹੈ ਕਿ ਜਾਣ ਲਈਏ ਭਈ ਉਸਨੇ ਇਸ ਬਾਰੇ ਕੀ ਆਖਿਆ ਹੈ। ਤੇ ਉਹ ਕਿੱਥੇ ਹੈ? ਮੈਂ ਉਸ ਨੂੰ ਜਾਨਣਾ ਚਾਹੁੰਦਾ ਹਾਂ, ਕਿਉਂ ਜੋ, ਸੱਚੀ ਮੈਂ ਉਸਦੀ ਭਗਤੀ ਕਰਨਾ ਚਾਹੁੰਦਾ ਹਾਂ।

ਅੱਜ ਰਾਤ ਸਾਰੇ, ਅਸੀਂ ਉਸੇ ਦੀ ਭਗਤੀ ਕਰਨ ਲਈ, ਹੀ ਜੁੜੇ ਹਾਂ। ਇੱਥੇ ਅੱਜ ਰਾਤ ਅਸੀਂ ਮੇਥੋਡਿਸਟਾਂ, ਬੇਪਟਿਸਟਾਂ, ਕੈਥੋਲਿਕਾਂ, ਯਹੋਵਾਹ ਵਿਟਨੇਸ ਅਤੇ ਹੋਰ ਸਭਨਾਂ ਵਾਂਗ ਬੈਠੇ ਹਾਂ, ਪਰ ਅਸੀਂ ਸਭੇ ਕੁਝ ਭਾਲਣ ਦੀ ਕੋਸ਼ਿਸ਼ ਕਰ ਰਹੇ ਹਾਂ।

ਅਸੀਂ ਸੱਚਾਈ ਜਾਨਣੀ ਚਾਹੁੰਦੇ ਹਾਂ। ਬਾਈਬਲ ਨੇ ਕਿਹਾ ਹੈ, "ਤੁਸੀਂ ਸਤ ਨੂੰ ਜਾਣੋਗੇ, ਅਤੇ ਸਤ ਤੁਹਾਨੂੰ ਆਜਾਦ ਕਰੇਗਾ।"

ਕੋਈ ਵੀ, ਜਦ ਤਕ ਤੁਸੀਂ ਨਾ ਜਾਣ ਲਓ ਕਿ ਕਿਸ ਤਰ੍ਹਾਂ ਕਰਨਾ ਹੈ, ਤੁਸੀਂ ਨਹੀਂ ਜਾਣਦੇ ਕਿ ਕੀ ਕਰਨਾ ਹੈ ਜਾਂ ਜਿਨ੍ਹਾਂ ਚਿਰ ਤੁਸੀਂ ਇਹ ਨਾ ਜਾਣ ਲਓ ਕਿ ਕਿਵੇਂ ਕਰਨਾ ਹੈ; ਤੁਸੀਂ ਨਹੀਂ ਜਾਣਦੇ ਕਿ ਕੀ ਕਰਨਾ ਹੈ ਜਿਨ੍ਹਾਂ ਚਿਰ ਤੁਸੀਂ ਇਹ ਨਾ ਜਾਣ ਲਓ ਕਿ ਕਿਵੇਂ ਕਰਨਾ ਹੈ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਤੁਸੀਂ ਕੀ ਕਰ ਰਹੇ ਹੋ ਤੇ ਉਹਨੂੰ ਕਿੱਦਾਂ ਕਰਨਾ ਹੈ।

27 ਇਸ ਤੋਂ ਇਹ ਸਿੱਧ ਹੋਇਆ ਕਿ ਪਰਮੇਸ਼ਵਰ ਨੇ ਆਪਣੇ ਭਗਤਾਂ ਵਾਸਤੇ, ਇੱਕ ਖਾਸ ਥਾਂ ਚੁਣੀ ਹੋਈ ਹੈ।, ਅਤੇ ਉਸੇ ਥਾਂ ਤੇ, ਸਿਰਫ਼, ਉਹ ਆਪਣੇ ਭਗਤਾਂ ਨੂੰ ਉੱਥੇ ਹੀ ਮਿਲਦਾ ਹੈ।

28 ਹੁਣ, ਵੀ, ਜਿਹੜੀ ਥਾਂ ਉਹਨੇ ਆਪਣੇ ਭਗਤਾਂ ਲਈ ਹੈ, ਉਹਨੇ ਦਾਵਾ ਕੀਤਾ ਹੈ ਕਿ ਉਹ ਆਪਣਾ ਨਾਮ ਉੱਥੇ ਰੱਖੇਗਾ। ਆਓ ਹੁਣ ਲਿਖਤਾਂ ਵਿੱਚ, ਇਹ ਖੋਜ ਪੜਤਾਲ ਕਰੀਏ, ਕਿ ਇਹ ਥਾਂ ਕਿੱਥੇ ਹੈ। ਯਕੀਨਨ, ਜੇ ਪਰਮੇਸ਼ਵਰ ਨੇ ਆਖਿਆ ਹੈ ਕਿ ਉਹ ਆਪਣਾ ਨਾਲ ਇਸ ਜਗ੍ਹਾ ਤੇ ਰੱਖੇਗਾ ਜਿਹੜੀ ਉਹਨੇ ਲੋਕਾਂ ਨੂੰ ਮਿਲਣ ਲਈ ਤੇ ਉਹਨਾਂ ਨਾਲ ਭਗਤੀ ਕਰਨ ਲਈ ਚੁਣੀ ਹੈ ਤੇ ਉਹਨਾਂ ਨਾਲ ਭਗਤੀ ਕਰਨ ਲਈ ਚੁਣੀ ਹੈ...ਜਾਂ ਉਹ ਉੱਥੇ ਉਹਦੀ ਭਗਤੀ ਕਰਨਗੇ।

ਤੇ ਇਹ ਜਰੂਰ ਕਿਤੇ ਬਾਈਬਲ ਦੇ ਵਿੱਚ ਹੀ ਹੈ ਕਿਉਂਕਿ ਇਹ ਸਭ ਯੁਗਾਂ ਦੇ ਲਈ ਸੀ।

29 ਤੇ ਉਹ ਮਹਾਨ ਲਾਤਬਦੀਲ ਪਰਮੇਸ਼ਵਰ ਬਦਲ ਨਹੀਂ ਸਕਦਾ। ਮਨੁੱਖ ਬਦਲ ਜਾਂਦਾ ਹੈ। ਜਿਹੜੀ ਗੱਲ ਕਦੇ ਵੀ ਪਰਮੇਸ਼ਵਰ ਨੇ ਕਿਸੇ ਵੀ ਸਮੇਂ ਕਰੀ ਹੋਵੇ ਤੁਸੀਂ ਆਪਣਾ ਜੀਵਨ ਉਹਦੇ ਤੇ ਆਧਾਰਿਤ ਕਰ ਸਕਦੇ ਹੋ, ਕਿਉਂਕਿ ਇਹ ਸੱਚਾਈ ਹੈ। ਇਹ ਸੱਚਾਈ ਹੈ।ਕਿਉਂਕਿ ਮੇਰਾ ਭਰੋਸਾ ਸਿਰਫ਼ ਉਹਦੇ ਵਿੱਚ ਹੀ ਹੋ ਸਕਦਾ ਹੈ, ਤੇ ਉਹ ਹੈ ਬਾਈਬਲ। ਕਿਉਂਕਿ, ਮਨੁੱਖ ਦੇ ਵਚਨ ਤਾਂ ਟਲ ਜਾਣਗੇ, ਪਰ ਪਰਮੇਸ਼ਵਰ ਪਰਮ ਪ੍ਰਧਾਨ ਹੈ।

ਇਸ ਨਾਲ ਤਾਂ ਮੈਨੂੰ ਇਹ ਗੱਲ ਪਿਛਲੇ ਸਾਲ ਨਾਲੋਂ ਵਧੇਰੇ ਜਾਨਣੀ ਹੈ। ਤੁਹਾਨੂੰ ਵੀ ਜਾਣਨੀ ਚਾਹੀਦੀ ਹੈ, ਵੀ, ਹਰ ਦਿਨ, ਅਸੀਂ ਤਾਂ ਬਦਲਣ ਵਾਲੇ ਹਾਂ, ਤੇ ਅਸੀਂ ਗਿਆਨ ਪਾਉਂਦੇ ਹਾਂ।

ਪਰ ਪਰਮੇਸ਼ਵਰ ਤਾਂ ਨਾ ਬਦਲਣ ਵਾਲਾ ਹੈ। ਉਹ ਤਾਂ ਨਾ ਬਦਲਣ ਵਾਲਾ ਹੈ। ਅਤੇ, ਨਾਤਬਦੀਲ ਹੋਣ ਦੇ ਨਾਤੇ, ਉਹਨੂੰ ਗਿਆਨ ਲੈਣ ਦੀ ਲੋੜ ਨਹੀਂ। ਉਹ ਤਾਂ ਆਦਿ ਤੋਂ ਹੀ, ਸੰਪੂਰਨ ਹੈ। ਉਹਦੇ ਹਰ ਫੈਸਲੇ ਨੇ ਬਿਲਕੁਲ ਠੀਕ ਹੀ ਹੋਣਾ ਹੈ।

30 ਤੇ ਜਿਦਾਂ ਪਰਮੇਸ਼ਵਰ ਨੇ ਇੱਕ ਵਾਰ ਕੀਤਾ, ਸਦਾ ਉਦਾਂ ਹੀ ਉਹ ਕਰਦਾ ਰਹੇਗਾ, ਨਹੀਂ ਤਾਂ ਉਹਨੇ ਪਹਿਲੀ ਵਾਰ ਵੀ ਗਲਤ ਕੀਤਾ ਹੋਵੇਗਾ। ਜੇ ਕੋਈ ਜਣਾ ਮੁਕਤੀ ਪਾਉਣ ਵਾਸਤੇ ਪ੍ਰਭੂ ਦੇ ਕੋਲ ਇਸ ਆਧਾਰ ਤੇ ਆਵੇ, ਕਿ ਉਹਨੇ ਇਹਨੂੰ ਪ੍ਰਵਾਨ ਕਰ ਲਿਆ ਹੈ, ਤਾਂ ਸਦਾ ਵਾਸਤੇ ਉਸੇ ਹੀ ਆਧਾਰ ਤੇ ਉਹਦੀ ਪ੍ਰਵਾਨਗੀ ਬਣੀ ਰਹੇਗੀ, ਇਹ ਠੀਕ ਹੈ। ਜੇ ਕੋਈ ਜਣਾ ਪਰਮੇਸ਼ਵਰ ਕੋਲ ਇਸ ਲਈ ਆਇਆ ਜੋ ਉਸ ਤੋਂ ਦੇਵੀ ਚੰਗਿਆਈ ਪਾਵੇ, ਤੇ ਪਰਮੇਸ਼ਵਰ ਨੇ ਉਸਨੂੰ ਕਿਸੇ ਖਾਸ ਆਧਾਰ ਤੇ ਪ੍ਰਵਾਨ ਕਰ ਲਿਆ; ਹੁਣ ਜਦ ਕੋਈ ਹੋਰ ਜਣਾ, ਉਸ ਕੋਲ ਉਸੇ ਹੀ ਮਨੋਰਥ ਨਾਲ ਆਵੇ, ਤਾਂ ਉਸਨੂੰ ਵੀ ਉਹ ਆਧਾਰ ਪੂਰਾ ਕਰਨਾ ਪਵੇਗਾ, ਜਾਂ ਫਿਰ ਉਸਨੇ ਜਦ ਪਹਿਲੇ ਮਨੁੱਖ ਨੂੰ ਕਬੂਲ ਕੀਤਾ ਸੀ। ਪਰਮੇਸ਼ਵਰ ਨੇ ਇੱਕ ਆਧਾਰ ਨਿਯਤ ਕੀਤਾ ਹੋਇਆ ਜਿਸ ਨੂੰ ਪੂਰਾ ਕਰਨ ਤੇ ਉਹ ਮਨੁੱਖਾਂ ਨੂੰ ਪ੍ਰਵਾਨ ਕਰਦਾ ਹੈ।ਉਸਨੇ ਇੱਕ ਆਧਾਰ ਨਿਯਤ ਕੀਤਾ ਹੈ ਕਿ ਉਹ ਕੀ ਕਰੇਗਾ, ਤੇ ਕਿਵੇਂ ਕਰੇਗਾ, ਇਹਦੇ ਲਈ ਅਦਨ ਦੇ ਬਾਗ ਵਿੱਚ ਇੱਕ ਆਧਾਰ ਰੱਖਿਆ ਗਿਆ ਸੀ, ਤੇ ਉਹ ਸੀ ਇੱਕ ਨਿਰਦੋਸ਼ ਮੇਮਨੇ ਦੀ ਬਲੀ ਦਾ ਲਹੂ। ਪਰਮੇਸ਼ਵਰ ਨੇ ਇਸ ਨੇਮ ਨੂੰ ਫਿਰ ਕਦੇ ਵੀ ਕਿਸੇ ਸਮੇਂ ਵੀ ਨਹੀਂ ਬਦਲਿਆ।

31 ਉਸਨੇ ਫੈਸਲਾ ਕੀਤਾ ਕਿ ਮਨੁੱਖ ਨੂੰ ਕਿਸ ਬਿਧ ਬਚਾਊ। ਅਸੀਂ ਇੰਨੀ ਦਿਨੀਂ ਯਤਨ ਕੀਤਾ ਹੈ ਕਿ ਮਨੁੱਖ ਦੀ ਸਿਖਲਾਈ ਇਸ ਮੁਆਮਲੇ ਵਿੱਚ ਕਰੀਏ; ਅਸਾਂ ਉਹਨਾਂ ਨੂੰ ਇਸ ਮੁਆਮਲੇ ਵਿੱਚ ਪੜ੍ਹਾਇਆ, ਉਹਨਾਂ ਦੀ ਸਿਖਲਾਈ ਦੇ ਯਤਨ ਕੀਤੇ, ਉਹਨਾਂ ਨੂੰ ਪ੍ਰਬੰਧਕੀ ਪ੍ਰਣਾਲੀਆਂ ਵਿੱਚ ਬੰਨ੍ਹਿਆ, ਤੇ ਉਹਨਾਂ ਨੂੰ ਅੰਦਰ ਲਿਆਉਣ ਲਈ ਹੋਰ ਵੀ ਕਈ ਕਈ ਪ੍ਰਕਾਰ ਦੇ ਟੱਸਣ ਕੀਤੇ; ਅੰਦਰ ਲਿਆਉਣ ਲਈ, ਉਹਨਾਂ ਨੂੰ ਹਿਲਾਉਣਾ, ਉਹਨਾਂ ਨੂੰ ਬਪਤੀਸਮਾ ਦੇਣ, ਹਰ ਢੰਗ ਨਾਲ, ਚਿੱਠੀਆਂ ਲਿਖ ਲਿਖ ਕੇ ਉਹਨਾਂ ਨੂੰ ਮੈਂਬਰ ਬਣਾਉਣਾ। ਤੇ ਮਨੁੱਖ ਅਜੇ ਵੀ ਉਹੋ ਦਾ ਉਹੋ ਹੀ ਹੈ, ਪਰਮੇਸ਼ਵਰ ਮਨੁੱਖ ਨੂੰ ਮੇਮਨੇ ਦੇ ਵਗਾਏ ਹੋਏ ਲਹੂ ਦੇ ਛਾਪੇ ਹੇਠ ਹੀ ਮਿਲਦਾ ਹੈ। ਆਦਿ ਵਿੱਚ ਵੀ ਪਰਮੇਸ਼ਵਰ ਦਾ ਢੰਗ ਲਹੂ ਹੀ ਸੀ, ਅਤੇ ਅੱਜ ਰਾਤ ਵੀ ਪਰਮੇਸ਼ਵਰ ਦਾ ਢੰਗ ਲਹੂ ਹੀ ਹੈ। ਰੋਣਾ ਪਿੱਟਣਾ ਅਤੇ ਇਹ ਸਭ ਕੰਮ ਕਰਨਾ ਆਦਿ ਚੰਗੇ ਕੰਮ ਹਨ, ਪਰ ਬਚਾਓ ਕੇਵਲ ਲਹੂ ਦੁਆਰਾ ਹੀ ਹੈ। ਪਰਮੇਸ਼ਵਰ ਨੇ ਜੋ ਮਨੁੱਖ ਦੇ ਬਚਾਓ ਦਾ ਢੰਗ ਚੁਣਿਆ ਉਹ ਲਹੂ ਹੀ ਹੈ, ਤੇ ਉਹ ਇਸ ਨੂੰ ਬਦਲ ਨਹੀਂ ਸਕਦਾ।

32 ਅਯੂਬ ਕੋਲ ਵੀ ਇਹੋ ਹੀ ਚੀਜ ਸੀ ਉਹ ਆਪਣੇ ਆਪ ਇਸੇ ਕਾਰਣ ਹੀ ਧਰਮੀ ਗਿਣਦਾ ਸੀ ਕਿਉਂ ਜੋ ਉਹ ਜਾਣਦਾ ਸੀ ਕਿ ਉਸ ਨੇ ਉਹੀ ਬਲੀਦਾਨ ਚੜ੍ਹਾਇਆ ਜਿਸ ਦੀ-ਦੀ ਮੰਗ ਪਰਮੇਸ਼ਵਰ ਨੇ ਉਸ ਕੋਲੋਂ ਕੀਤੀ ਸੀ।

33 ਤੇ ਆਓ ਹੁਣ ਅਸੀਂ ਇਸ ਗੱਲ ਨੂੰ ਭਾਲੀਏ ਭਈ ਉਹ ਥਾਂ ਕਿਹੜੀ ਸੀ, ਜਿੱਥੇ ਉਹਨੇ ਆਪਣਾ ਨਾਂ ਰੱਖਣਾ ਸੀ। ਅਸਾਂ ਇਸ ਨੂੰ ਲੱਭਣਾ ਹੈ ਭਈ ਕਿੱਥੇ ਉਹਨੇ ਆਪਣਾ ਨਾਂ ਰੱਖਣਾ ਸੀ। ਤਦ, ਜੇ ਸਾਨੂੰ ਗਿਆਨ ਹੋ ਜਾਵੇ ਕਿ ਪਰਮੇਸ਼ਵਰ ਦਾ ਨਾਂ ਕੀ ਹੈ ਅਤੇ ਉਸ ਨੇ ਇਹਨੂੰ ਕਿੱਥੇ ਰੱਖਿਆ ਹੈ, ਤਾਂ ਸਾਨੂੰ ਉਹ ਭਗਤੀ ਦਾ ਸਥਾਨ ਮਿਲ ਜਾਊ ਜਿੰਨ੍ਹੀ ਕੁ ਛੇਤੀ ਸਾਨੂੰ ਗਿਆਨ ਹੋ ਜਾਊ।

ਇਹ ਸਭ ਚੀਜਾਂ, ਕੋਈ ਸ਼ੱਕ ਨਹੀਂ, ਕਿ ਇਹ ਸਭ ਚੀਜਾਂ ਆਓਣ ਵਾਲੀਆਂ ਚੀਜਾਂ ਦਾ ਪਰਛਾਵਾਂ ਸਨ। ਸਾਰੀ ਬਿਵਸਥਾ ਆਓਣ ਵਾਲੀਆਂ ਗੱਲਾਂ ਦਾ ਪਰਛਾਵਾਂ ਹੀ ਸੀ।

34 ਜਿਵੇਂ ਕਿ ਚੰਦਰਮਾ ਸੂਰਜ ਦਾ ਪਰਛਾਵਾਂ ਹੈ। ਤੇ ਇਹ ਸੂਰਜ ਦੀ ਗੈਰਹਾਜਰੀ ਵਿੱਚ ਸੇਵਾ ਕਰਦਾ ਹੈ, ਉਦਾਂ ਹੀ ਜਿਵੇਂ ਕਲੀਸੀਆ ਨੇ ਪਰਮੇਸ਼ਵਰ ਦੇ ਪੁੱ-ਤ-ਰ ਦੀ ਗੈਰਹਾਜਰੀ ਵਿੱਚ ਸੇਵਾ ਕਰਨੀ ਹੈ। ਪੁੱਤਰ ਦੀ ਗੈਰਹਾਜਰੀ ਵਿੱਚ, ਛੋਟੀ ਜੋਤ, ਜੋ ਕਲੀਸੀਆ ਹੈ, ਨਿਹਚਾਵਾਨ ਪਰਮੇਸ਼ਵਰ ਦੀ ਸੇਵਾ ਕਰਦੇ ਤੇ ਪੁੱਤਰ ਦੀ ਗੈਰਹਾਜਰੀ ਵਿੱਚ ਲੋਅ ਦਿੰਦੇ ਹਨ। ਪਰ ਜਦ ਸੂਰਜ ਚਮਕਦਾ ਹੈ, ਤਾਂ ਤੁਸੀਂ ਚੰਦਰਮਾ ਬਿਲਕੁਲ ਨਹੀਂ ਵੇਖਦੇ, ਕਿਉਂਕਿ ਇਹ ਥੱਲੇ ਜਾ ਚੁੱਕਿਆ ਹੈ। ਇਸ ਨੂੰ ਆਪਣੀ ਲੋਅ ਦੀ ਲੋੜ ਨਹੀਂ ਰਹੀ, ਕਿਉਂ ਜੋ

ਇਹ ਆਪਣੀ ਲੋਅ ਸੂਰਜ ਕੋਲੋਂ ਦੂਜੇ ਦਰਜੇ ਤੇ, ਵੀ ਲੈਂਦਾ ਹੈ। ਹੁਣ, ਪਤੀ ਅਤੇ ਪਤਨੀ ਵਾਂਗੂ, ਹੀ ਸੂਰਜ ਅਤੇ ਚੰਦਰਮਾ ਵੀ ਹੈ, ਉਸੇ ਤਰ੍ਹਾਂ ਮਸੀਹ ਅਤੇ ਕਲੀਸੀਆ ਦੀ ਵੀ ਗੱਲ ਹੈ।

35 ਹੁਣ ਸਾਨੂੰ ਪਤਾ ਲੱਗਦਾ ਹੈ ਕਿ ਭਈ ਇਹ ਸਭ ਗੱਲਾਂ ਮਸੀਹ ਦਾ ਹੀ ਪਰਛਾਵਾਂ ਹਨ। ਹਰ ਬਲੀਦਾਨ, ਤਿਉਹਾਰ, ਪੁਰਾਣੇ ਨੇਮ ਦੀ ਹਰ ਚੀਜ ਮਸੀਹ ਦਾ ਅਗਿਓ ਪਰਛਾਵਾਂ ਸੀ; ਉਦਾਂ ਹੀ ਜਿਦਾਂ ਕਿਸੇ ਚੀਜ ਦਾ ਪਰਛਾਵਾਂ ਫ਼ਰਸ਼ ਤੇ ਪੈਂਦਾ ਹੈ। ਹੁਣ ਇਹ ਹੈ ਜਿੱਥੇ ਕਿ ਸਾਨੂੰ ਭਗਤੀ ਦਾ ਸਹੀ ਥਾਂ ਚੁਣਨਾ ਹੈ। ਪਿਛਾਂਹ ਪੁਰਾਣੇ ਨੇਮ ਵਿੱਚ ਜਾ ਕੇ ਵੇਖਣਾ ਹੈ ਜਿੱਥੇ ਇਹ ਨਾਮ ਰੱਖਿਆ ਗਿਆ ਅਤੇ ਵੇਖਣਾ ਹੈ ਕਿ ਇਹ ਸਭ ਗੱਲਾਂ ਕੀ ਸਨ।

36 ਹੁਣ, ਜਦ ਪਰਛਾਵਾਂ ਫ਼ਰਸ਼ ਤੇ ਪੈਂਦਾ ਹੈ, ਤੁਸੀਂ ਦੱਸ ਸਕਦੇ ਹੋ ਕਿ ਇਹ ਔਰਤ ਦਾ ਹੈ, ਜਾਂ ਆਦਮੀ ਦਾ ਹੈ, ਜਾਂ ਕਿਸੇ ਪਸ਼ੂ ਦਾ ਹੈ, ਜਾਂ ਜਿਹਦਾ ਵੀ ਹੈ, ਕਿਉਂਕਿ ਇਹਦਾ ਪਰਛਾਵਾਂ ਫ਼ਰਸ਼ ਤੇ ਪੈਂਦਾ ਹੈ। ਜਿਵੇਂ ਪਰਛਾਵਾਂ ਛੋਟਾ ਹੁੰਦਾ ਜਾਂਦਾ ਹੈ, ਤੇ ਪਰਛਾਵਾਂ ਚੀਜ ਦਾ ਉਲਟਾ ਰੂਪ ਹੋਣ ਦੇ ਨਾਤੇ ਤੇ ਉਲਟਾ ਰੂਪ ਹੋਣ ਦਾ ਸਵਾਲ ਹੀ ਨਹੀਂ ਹੁੰਦਾ; ਜਦ ਤਕ ਕਿ ਅਸਲੀ ਰੂਪ ਮੋਜੂਦ ਨਾ ਹੋਵੇ। ਇਸ ਲਈ ਜਦੋਂ ਉਲਟਾ ਰੂਪ ਅਸਲੀ ਰੂਪ ਦੇ ਨੇੜੇ ਤੋਂ ਨੇੜੇ ਹੁੰਦਾ ਜਾਂਦਾ ਹੈ, ਤਾਂ ਉਲਟਾ ਰੂਪ ਅਸਲੀ ਰੂਪ ਦੁਆਲਾ ਭੱਖ ਲਿਆ ਜਾਂਦਾ ਹੈ ਤੇ ਜਦ ਪਰਛਾਵਾਂ ਅਤੇ-ਅਤੇ ਅਸਲੀ ਰੂਪ ਇਕੱਠੇ ਹੋ ਜਾਂਦੇ ਹਨ ਇਹੋ ਪ੍ਰਤੀਕ੍ਰਿਆ ਹੀ ਅਸਲੀ ਰੂਪ ਬਣਾਉਂਦਾ ਹੈ।

ਅਤੇ ਜੇ "ਸਾਰੀਆਂ ਪੁਰਾਣੀਆਂ ਗੱਲਾਂ," ਬਾਈਬਲ ਨੇ ਆਖਿਆ, "ਜਿਹੜੀਆਂ ਪੁਰਾਣੇ ਨੇਮ ਵਿੱਚ, ਆਓਣ ਵਾਲੀਆਂ ਗੱਲਾਂ ਦਾ ਪਰਛਾਵਾਂ ਸੀ," ਤਾਂ ਫਿਰ ਮਸੀਹ ਤਾਂ ਆਉਣ ਵਾਲੀਆਂ ਗੱਲਾਂ ਦਾ ਪਰਛਾਵਾਂ ਸੀ।

37 ਸੋ ਅਸੀਂ ਪੁਰਾਣੇ ਨੇਮ ਦੇ ਨਮੂਨਿਆਂ ਨੂੰ ਵੇਖ ਕੇ ਦੱਸ ਸਕਦੇ ਹਾਂ, ਕਿ ਉਹਨੇ ਆਪਣਾ ਨਾਮ ਕਿੱਥੇ ਰੱਖਿਆ ਅਤੇ ਹੁਣ ਨਵੇਂ ਨੇਮ ਵਿੱਚ...ਕਿੱਥੇ ਹੈ। ਜਿਉਂ ਹੀ, ਪਰਛਾਵਾਂ ਜਮੀਨ ਤੇ ਪੈਂਦਾ ਹੈ, ਮੈਂ ਕਿਹਾ ਸੀ ਕਿ, ਉਹ ਉਲਟਾ ਰੂਪ ਹੈ, ਜੋ ਕਿ ਇੱਕ ਨਮੂਨਾ ਹੈ। ਅਸੀਂ ਵੀ, ਭਗਤ ਲੋਕ, ਪੁਰਾਣੇ ਨੇਮ ਦੇ ਪਰਛਾਵੇਂ ਨੂੰ ਜੋ ਨਵੇਂ ਨੇਮ ਦੇ ਪਰਛਾਵੇਂ ਨੂੰ ਜੋ ਨਵੇਂ ਨੇਮ ਦੇ ਅਸਲੀ ਰੂਪ ਵਿੱਚ ਪੈ ਰਿਹਾ ਵੇਖ ਸਕਦੇ ਹਾਂ।

38 ਹੁਣ, ਸਾਰੇ ਪਰਬ, ਛੁੱਟੀਆਂ, ਸਾਰਾ ਡੇਰਾ, ਸਾਰੀ ਲਕੜੀ, ਡੇਰੇ ਦੀ ਹਰ ਵਸਤ ਸਭੇ ਚੀਜਾਂ, ਮਸੀਹ ਦਾ ਨਮੂਨਾ ਸਨ, ਸਭ ਭੇਟਾਂ, ਸਾਰੇ ਕਾਨੂੰਨ, ਹਰ ਵਸਤ ਮਸੀਹ ਦਾ ਨਮੂਨਾ ਆਪਣੇ ਅੰਦਰ ਲਏ ਹੋਏ ਸੀ। ਅਸੀਂ ਇਹਨਾਂ ਚੀਜਾਂ

ਦੀ ਵਿਆਖਿਆ, ਸਮੇਂ ਸਮੇਂ, ਆਪਣੇ ਡੇਰੇ ਦੀਆਂ ਉਪਾਸਨਾਵਾਂ ਵਿੱਚ ਸੁਣ ਚੁੱਕੇ ਹਾਂ।

ਤਦ ਅਸੀਂ ਵੇਖਦੇ ਹਾਂ, ਜੋ ਹਰ ਅੱਕੀਦਾ, ਕਲੀਸੀਆ, ਤੇ ਫ਼ਿਰਕਾ ਪਰਸਤ ਮਿਸ਼ਨਾਂ ਆਦਿ ਇਸ ਗੱਲੇ ਬਹੁਤ ਹੀ ਪਿਛਾਂਹ ਹਨ। ਸਗੋਂ ਉਹ ਦੌੜ ਦੇ ਮਦਾਨ ਵਿੱਚ ਵੀ ਨਹੀਂ ਵੜੇ। ਹਰੇਕ ਅੱਕੀਦਾ, ਹਰੇਕ ਗਿਰਜਾ, ਹਰੇਕ ਫਿਰਕਾਪ੍ਰਸਤ ਮਿਸ਼ਨ ਇਸ ਗੱਲੋਂ ਖਾਲੀ ਹੈ। ਉਹਨਾਂ ਦੀ ਇਸ ਮਾਮਲੇ ਵਿੱਚ ਕੋਈ ਥਾਂ ਹੈ ਹੀ ਨਹੀਂ।

39 ਪੁਰਾਣੇ ਨੇਮ ਵਿੱਚ ਜਾਂ ਬਾਈਬਲ ਦੇ, ਕਿਸੇ ਵੀ ਹਵਾਲੇ ਵਿੱਚ, ਕਲੀਸੀਆ ਵਜੋਂ ਕੋਈ ਵੀ ਨਮੂਨਾ ਪਾਇਆ ਨਹੀਂ ਜਾਂਦਾ। ਸਿਵਾਏ ਬਾਈਬਲ ਦੇ ਬੁਰਜ ਦੀ ਜਬਰਦਸਤੀ ਏਕਤਾ ਦੇ। ਇਹੋ ਹੀ ਇੱਕ ਗੱਲ ਏਕਤਾ ਦਾ ਨਮੂਨਾ ਹੈ। ਕਿਉਂਕਿ, ਇਸ ਏਕਤਾ ਦਾ ਮੋਢੀ, ਇੱਕ ਦੁਸ਼ਟ ਜਨ ਨਿਮਰੋਦ ਸੀ ਜਿਹਨੇ ਜਾ ਕੇ ਛੋਟੇ ਛੋਟੇ ਦੇਸ਼ਾਂ ਮਜਬੂਰ ਕੀਤਾ ਜੋ ਉਹ ਸਾਰੇ ਇੱਕੋ ਥਾਂ ਤੇ ਆ ਜਾਣ ਤੇ ਵੱਡਾ ਬੁਰਜ ਬਣਾਇਆ ਜਾਵੇ। ਬੇਸ਼ੱਕ ਇਹ ਵੀ ਧਾਰਮਿਕ ਭਗਤੀ ਹੀ ਸੀ, ਪਰ ਪਰਮੇਸ਼ਵਰ ਦੇ ਵਚਨ ਨੇ ਇਹਨੂੰ ਕੋਈ ਮਾਨਤਾ ਨਹੀਂ ਦਿੱਤੀ। ਤੇ ਇਹ ਹੈ ਨਮੂਨਾ ਬੱਝੀ ਹੋਈ, ਮਿਸ਼ਨਾਂ ਦਾ ਜੋ ਪੁਰਾਣੇ ਨੇਮ ਵਿੱਚ, ਬਾਬਲ ਦੇ ਬੁਰਜ ਤੋਂ ਪੇਸ਼ ਹੋਇਆ। ਜੋ, ਇਹ ਧਰਮ ਇੱਕ ਧਰਮ ਤਾਂ ਜਰੂਰ ਸੀ, ਪਰ ਇਹ ਧਰਮ ਪਰਮੇਸ਼ਵਰ ਦੇ ਵਚਨ ਵਾਲਾ ਧਰਮ ਨਹੀਂ ਸੀ।

40 ਪਰਮੇਸ਼ਵਰ ਨੇ ਕਿਸੇ ਮਿਸ਼ਨ ਨੂੰ ਨਹੀਂ ਚੁਣਿਆ ਜੋ ਆਪਣਾ ਨਾਮ ਉਹਦੇ ਵਿੱਚ ਰੱਖੇ। ਤੇ ਜੇ ਇਹੋ ਜਿਹੀ ਕੋਈ ਗੱਲ ਹੈ ਤਾਂ ਮੈਂ ਇਹਦੀ ਪਰੋੜਤਾ ਵਿੱਚ ਬਾਈਬਲ ਦਾ ਕੋਈ ਹਵਾਲਾ ਮੰਗਦਾ ਹਾਂ। ਮੈਂ ਜਾਣਦਾ ਹਾਂ ਕਿ ਉਹ ਦਾਅਵੇ ਗੀਰ ਹਨ ਕਿ ਉਹਨੇ ਆਪਣਾ ਨਾਮ ਮਿਸ਼ਨਾਂ ਅੰਦਰ ਰੱਖਿਆ ਹੈ ਪਰ ਉਸਨੇ ਨਹੀਂ ਰੱਖਿਆ ਹੈ। ਉਹ ਆਪਣਾ ਨਾਂ ਬਹੁਤੀਆਂ ਥਾਵਾਂ ਤੇ ਨਹੀਂ ਰੱਖ ਸਕਦਾ, ਕਿਉਂਕਿ ਉਹਨੇ ਕਿਹਾ ਹੈ ਕਿ ਉਹਨੇ ਇੱਕ ਥਾਂ ਆਪਣਾ ਨਾਂ ਰੱਖਿਆ ਹੈ, ਤੇ ਉਸੇ ਹੀ ਇੱਕ ਥਾਂ ਉੱਤੇ, ਮੈਂ ਜਾਣਦਾ ਹਾਂ ਕਿ ਜੋ ਹਰ ਮਿਸ਼ਨ ਇਹ ਕਹਿਣਾ ਚਾਹੂ ਜੋ ਉਹ ਭਗਤੀ ਦੀ ਥਾਂ ਅਸੀਂ ਹਾਂ ਅਰਥਾਤ ਸਾਡੀ ਬੱਝੀ ਬੱਝਾਈ ਮਿਸ਼ਨ ਹੈ ਪਰ ਇਹ ਤਾਂ ਇੱਕ ਉਲਟੀ ਗੱਲ ਹੈ।

ਪਰ ਉਸਨੇ ਆਪਣਾ ਨਾਂ ਕਿੱਥੇ ਧਰਿਆ ਹੈ?

41 ਹੁਣ, ਅਤੇ, ਪਹਿਲੀ ਗੱਲ, ਉਹਦਾ ਨਾਂ ਕੀ ਹੈ? ਸਾਨੂੰ ਪਹਿਲਾਂ ਉਹਦਾ (ਨਾਂ) ਲੱਭਣਾ ਹੀ ਪਵੇਗਾ, ਇਸ ਤੋਂ ਪਹਿਲਾਂ ਕਿ ਅਸੀਂ ਇਹ ਜਾਣੀਏ ਕਿ ਉਹਨੇ ਉਹ ਨਾਂ ਕਿੱਥੇ ਰੱਖਿਆ ਹੈ ਤਾਂ ਸਾਨੂੰ ਜਾਨਣਾ ਪਵੇਗਾ ਕਿ ਪਰਮੇਸ਼ਵਰ ਦਾ ਨਾਂ ਕੀ ਹੈ।

ਹੁਣ, ਸਾਨੂੰ ਪਤਾ ਲੱਗ ਗਿਆ ਹੈ ਕਿ ਸਾਡੇ ਬਹੁਤ ਸਾਰੇ ਅਹੁਦੇ ਹਨ। ਉਹ ਅਖਵਾਇਆ...ਉਹ "ਪਿਤਾ," ਅਖਵਾਇਆ ਜੋ ਕਿ ਅਹੁਦਾ ਹੈ। ਉਹ "ਪੁੱਤਰ," ਅਖਵਾਇਆ ਜੋ ਕਿ ਅਹੁਦਾ ਹੈ। ਉਹ "ਪਵਿੱਤਰ ਆਤਮਾ," ਅਖਵਾਇਆ ਜੋ ਕਿ ਅਹੁਦਾ ਹੈ। ਉਹ "ਸ਼ੇਰੋਨ ਦਾ ਗੁਲਾਬ," ਅਖਵਾਇਆ ਜੋ ਕਿ ਅਹੁਦਾ ਹੈ। "ਸੋਸਨ ਦਾ ਫੁੱਲ," ਅਹੁਦਾ, "ਸਵੇਰ ਦਾ ਤਾਰਾ।" "ਯਹੋਵਾਹ ਯਰੀ, ਯਹੋਵਾਹ ਰਾਫ਼ਾ," ਸੱਤ ਵੱਖਰੇ ਨਾਮ, ਮਿਸ਼ਰਿਤ, ਛੁਟਕਾਰੇ ਵਾਲੇ ਨਾਮ, ਪਰ ਉਹ ਸਭ ਅਹੁਦੇ ਹੀ ਸਨ। ਉਹਨਾਂ ਵਿੱਚੋਂ ਕੋਈ ਵੀ ਨਾਮ ਨਹੀਂ ਸੀ।

ਪਰ ਉਹਦਾ ਇੱਕ ਨਾਮ ਜਰੂਰ ਹੈ।

42 ਜਦੋਂ ਉਹ ਮੂਸਾ ਨੂੰ ਮਿਲਿਆ, ਤਾਂ ਉਹਦਾ ਅਜੇ ਨਾਮ ਨਹੀਂ ਸੀ, ਅਤੇ ਉਸਨੇ ਮੂਸਾ ਨੂੰ ਕਿਹਾ, "**ਮੈਂ ਜੋ ਹਾਂ ਸੋ ਹਾਂ।**" ਅਸੀਂ ਯਿਸੂ ਨੂੰ ਧਰਤੀ ਦੀ ਸੇਵਾ ਵਿੱਚ ਇਬਰਾਨੀਆਂ ਉਹਦੇ 6 ਬਾਬ ਵਿੱਚ ਬੋਲਦੇ ਵੇਖਦੇ ਹਾਂ...ਖਿਮਾ ਕਰਨਾ, ਸੰਤ ਯੂਹੰਨਾ ਉਹਦਾ 6 ਬਾਬ। ਉਹਨੇ ਕਿਹਾ, "**ਮੈਂ ਜੋ ਹਾਂ ਸੋ ਹਾਂ।**"

ਉਹਨਾਂ ਕਿਹਾ, "ਕਿਉਂ, ਭਲਾ ਤੂੰ ਪੰਜਾਹ ਸਾਲ ਦੀ ਉਮਰ ਤੋਂ ਵੱਧ ਨਹੀਂ ਹੈਂ, ਅਤੇ ਤੂੰ ਆਖਦਾ ਹੈਂ ਮੈਂ ਅਬਰਾਹਾਮ ਨੂੰ ਵੇਖਿਆ ਹੈ?"

43 ਉਹਨੇ ਆਖਿਆ, "ਅਬਰਾਹਾਮ ਤੋਂ ਪਹਿਲਾਂ, **ਮੈਂ ਹਾਂ।**" ਅਤੇ "ਮੈਂ ਹਾਂ" ਹੀ ਉਹ ਹਾਂ, ਬਲਦੀ ਹੋਈ ਝਾੜੀ ਵਿੱਚ ਸੀ, ਉਹ ਅੱਗ ਦਾ ਖੰਭਾ ਜਿਹੜਾ ਮੂਸਾ ਦੇ ਦਿਨੀਂ ਬਲਦੀ ਹੋਈ ਝਾੜੀ ਵਿੱਚ ਸੀ, "**ਮੈਂ ਜੋ ਹਾਂ ਸੋ ਹਾਂ।**"

44 ਅਤੇ ਹੁਣ ਅਸੀਂ ਵੇਖਦੇ ਹਾਂ ਭਈ ਯਿਸੂ ਨੇ ਇਹ ਵੀ ਆਖਿਆ, "ਮੈਂ ਆਪਣੇ ਪਿਤਾ ਦੇ ਨਾਮ ਵਿੱਚ ਆਇਆ, ਤੇ ਤੁਸੀਂ ਮੈਨੂੰ ਕਬੂਲ ਨਹੀਂ ਕੀਤਾ।" ਤਦ ਪਿਤਾ ਦਾ ਨਾਮ ਵੀ ਯਿਸੂ ਹੀ ਹੋਣਾ ਚਾਹੀਦਾ ਹੈ। ਇਹ ਠੀਕ ਹੈ। ਸੋ ਪਿਤਾ ਦਾ ਨਾਮ ਵੀ ਯਿਸੂ ਹੈ, ਕਿਉਂਕਿ ਯਿਸੂ ਨੇ ਅਜਿਹਾ ਕਿਹਾ। "ਮੈਂ ਆਪਣੇ ਪਿਤਾ ਦੇ ਨਾਮ ਨੂੰ ਲੈ ਕੇ ਆਇਆ ਹਾਂ। ਮੈਂ ਆਪਣੇ ਪਿਤਾ ਦੇ ਨਾਮ ਵਿੱਚ ਆਇਆ ਤੇ ਤੁਸੀਂ ਮੈਨੂੰ ਕਬੂਲ ਨਹੀਂ ਕੀਤਾ।" ਤਦ, ਉਹਦਾ ਨਾਮ ਯਿਸੂ ਸੀ

ਕਿਉਂਕਿ ਜਿਬ੍ਰਾਇਲ ਨੇ ਉਹਦਾ ਨਾਮ ਯਿਸੂ ਹੀ ਬੁਲਾਇਆ, ਨਬੀਆਂ ਨੇ ਵੀ ਯਿਸੂ ਹੀ ਆਖਿਆ, ਤੇ ਉਹ ਬਿਲਕੁਲ ਯਿਸੂ ਹੀ ਸੀ। ਉਹਦੇ ਜਨਮ ਤੋਂ ਪਹਿਲਾਂ, ਪਵਿੱਤਰ ਨਬੀ ਨੇ ਉਹਦਾ ਨਾਮ *ਇੰਮਾਨੂਏਲ* ਸੱਦਿਆ, ਜਿਹਦਾ ਅਰਥ ਹੈ, "ਪਰਮੇਸ਼ਵਰ ਸਾਡੇ ਸੰਗ।" ਤਦ, "ਸੰਸਾਰ ਦੇ ਪਾਪ ਚੁੱਕਣ ਕੇ ਲੈ ਜਾਣ ਦੇ ਲਈ ਪਰਮੇਸ਼ਵਰ ਦੇਹਧਾਰੀ ਕੇ ਪ੍ਰਗਟ ਹੋਇਆ," ਏਦਾਂ ਕਰਨ ਤੇ, ਉਹਦਾ ਨਾਮ ਯਿਸੂ ਰੱਖਿਆ ਗਿਆ। ਸੋ ਯਿਸੂ ਹੀ ਨਾਮ ਹੈ।

ਤੇ ਉਹ ਨਾਮ ਮਨੁੱਖੀ ਸ਼ਰੀਰ ਦੇ ਵਿੱਚ ਰੱਖਿਆ ਗਿਆ; ਕਿਸੇ ਕਲੀਸੀਆ ਵਿੱਚ ਨਹੀਂ, ਕਿਸੇ ਫ਼ਿਰਕਾ ਪਰਸਤ ਮਿਸ਼ਨ ਵਿੱਚ ਨਹੀਂ, ਕਿਸੇ ਅੱਕੀਦੇ ਵਿੱਚ

ਨਹੀਂ, ਪਰ ਮਨੁੱਖੀ ਦੇਹ ਦੇ ਵਿੱਚ! ਉਹਨੇ ਆਪਣਾ ਨਾਮ ਯਿਸੂ ਮਸੀਹ ਦੇ ਵਿੱਚ ਰੱਖਣ ਲਈ ਚੁਣਿਆ। ਸੋ ਤਦ ਸਾਨੂੰ ਪਤਾ ਲੱਗ ਗਿਆ ਹੈ ਕਿ ਯਿਸੂ ਮਸੀਹ ਹੀ ਪਰਮੇਸ਼ਵਰ ਦੀ ਭਗਤੀ ਕਰਨ ਦੀ ਜਗ੍ਹਾ ਹੈ, ਜਿੱਥੇ ਤੁਸੀਂ ਉਹਦੀ ਭਗਤੀ ਕਰਦੇ ਹੋ।

45 ਉਸਦੇ ਜੰਮਣ ਤੋਂ ਸਦਾ ਪਹਿਲਾਂ, ਉਹਦਾ ਨਾਮ ਯਿਸੂ ਸੀ। ਇਹ ਬਹੁਤ ਹੀ ਜਰੂਰੀ ਸੀ, ਤੇ ਇਹ ਦਾ ਨਾਮ ਉਹਦੀ ਮਾਤਾ ਨੂੰ ਦੂਤ ਜਿਬ੍ਰਾਇਲ ਦੇ ਦੁਆਰਾ ਪਹੁੰਚਿਆ ਸੀ, ਕਿ ਉਹਦਾ ਨਾਮ ਯਿਸੂ ਸੱਦਿਆ ਜਾਵੇਗਾ, "ਪਰਮੇਸ਼ਵਰ ਦਾ ਪੁੱਤਰ," ਜੋ ਕਿ ਉਹ ਸੀ।

46 ਇਸ ਲਈ ਨਾਂ ਤਾਂ ਸਪਸ਼ਟ ਹੋ ਗਿਆ ਹੈ। ਇਹੋ ਹੀ ਇੱਕ ਨਾਮ ਹੈ, ਇਹ ਇਕੱਲਾ ਉਸੇ ਦੇ ਲਈ ਹੈ, ਭਗਤੀ ਵਾਸਤੇ ਪਰਮੇਸ਼ਵਰ ਦੀ ਚੁਣੀ ਹੋਈ ਥਾਂ। ਪਰਮੇਸ਼ਵਰ ਦੀ ਥਾਂ, ਚੁਣੀ ਹੋਈ। ਪਰਮੇਸ਼ਵਰ ਨੇ ਇਨਸਾਨ ਦੇ ਮਿਲਾਪ ਵਾਸਤੇ ਜੋ ਥਾਂ ਚੁਣੀ ਸੀ; ਇਹ ਕੋਈ ਕਲੀਸੀਆ ਵਿੱਚ ਨਹੀਂ ਸੀ, ਨਾ ਕਿਸੇ ਪ੍ਰਬੰਧਕ ਪ੍ਰਣਾਲੀ ਵਿੱਚ ਸੀ, ਤੇ ਨਾ ਕਿਸੇ ਅੱਕਿਦੇ ਵਿੱਚ, ਪਰ ਇਹ ਤਾਂ ਮਸੀਹ ਵਿੱਚ ਸੀ। ਇਹੋ ਹੀ ਇੱਕ ਥਾਂ ਹੈ ਜਿੱਥੇ ਤੁਸੀਂ ਠੀਕ ਪਰਮੇਸ਼ਵਰ ਦੀ ਉਪਾਸਨਾ ਕਰ ਸਕਦੇ ਹੋ, ਉਹ ਮਸੀਹ ਵਿੱਚ ਹੈ। ਇਹੋ ਹੀ ਇੱਕ ਥਾਂ ਹੈ। ਕੋਈ ਪਰਵਾਹ ਨਹੀਂ ਭਾਵੇਂ ਤੁਸੀਂ ਮੇਥੋਡਿਸਟ ਹੋ, ਬੇਪਟਿਸਟ ਹੋ, ਕੈਥੋਲਿਕ, ਪ੍ਰੋਟੈਸਟੈਂਟ ਜਾਂ ਜੋ ਵੀ ਤੁਸੀਂ ਕਿਉਂ ਨਾ ਹੋਵੋ, ਇੱਕੋ ਹੀ ਥਾਂ ਹੈ ਜਿੱਥੇ ਤੁਸੀਂ ਠੀਕ ਪਰਮੇਸ਼ਵਰ ਦੀ ਉਪਾਸਨਾ ਕਰ ਸਕਦੇ ਹੋ, ਉਹ ਮਸੀਹ ਵਿੱਚ ਹੈ।

ਰੋਮੀਆਂ ਦੀ ਪੱਤਰੀ 8:1 ਵਿੱਚ ਇਉਂ ਲਿਖਿਆ ਹੈ, "ਸੋ ਹੁਣ ਉਹਨਾਂ ਲਈ ਜਿਹੜੇ ਮਸੀਹ ਯਿਸੂ ਵਿੱਚ ਹਨ ਸਜਾ ਦਾ ਹੁਕਮ ਨਹੀਂ ਹੈ, ਜਿਹੜੇ ਸ਼ਰੀਰ ਦੀ ਕਾਮਨਾ ਅਨੁਸਾਰ ਨਹੀਂ, ਸਗੋਂ ਆਤਮਾ ਦੇ ਅਨੁਸਾਰ ਚੱਲਦੇ ਹਨ।" ਇਹੀ ਤਾਂ ਸੁਸਮਾਚਾਰ ਹੈ।

47 ਅਸੀਂ ਅੱਕੀਂਦਿਆਂ ਵਿੱਚ ਭਿੰਨ ਭਿੰਨ ਹੋ ਸਕਦੇ ਹਾਂ। ਅਸੀਂ ਮਨੁੱਖਾਂ ਦੀਆਂ ਘੜੀਆਂ ਹੋਈਆਂ ਲਿਖਤਾਂ ਵਿੱਚ ਭਿੰਨ ਭਿੰਨ ਹੋ ਸਕਦੇ ਹਾਂ। ਤੁਸੀਂ ਮੇਥੋਡਿਸਟ ਦੇ ਗਿਰਜੇ ਜਾ ਸਕਦੇ ਹੋ, ਤੁਹਾਨੂੰ ਮੇਥੋਡਿਸਟ ਬਣਨਾ ਪੈਂਦਾ ਹੈ; ਬੇਪਟਿਸਟ ਦੇ ਗਿਰਜੇ ਜਾਉ, ਤਾਂ ਬੇਪਟਿਸਟ; ਤੇ ਕੈਥੋਲਿਕ ਗਿਰਜੇ ਜਾਓ, ਤਾਂ ਕੈਥੋਲਿਕ। ਪਰ ਜਦੋਂ ਤੁਸੀਂ ਮਸੀਹ ਵਿੱਚ ਬਪਤੀਸਮਾ ਲਿਆ, ਤੇ ਉਹਦੀ ਦੇਹ ਦੇ ਅੰਗ ਬਣ ਗਏ, ਤਾਂ ਝੇੜੇ ਮੁੱਕ ਗਏ। ਜੁਦਾਈ ਵਿਚਾਲੀਆਂ ਕੰਧਾਂ ਢਹਿ ਪਈਆਂ ਤੇ ਤੁਸੀਂ ਆਜਾਦ ਹੋ ਗਏ, ਕਿਉਂਕਿ ਤੁਸੀਂ ਮਸੀਹ ਯਿਸੂ ਵਿੱਚ ਹੋ। ਤੇ ਜਦੋਂ ਤੁਸੀਂ ਮਸੀਹ ਯਿਸੂ ਵਿੱਚ ਹੋਏ ਤਾਂ ਤੁਸੀਂ ਆਤਮਾ ਤੇ ਸਚਿਆਈ ਨਾਲ ਪਰਮੇਸ਼ਵਰ

ਦੀ ਭਗਤੀ ਕਰਨ ਵਾਲੇ ਠਹਿਰੇ। ਪਰਮੇਸ਼ਵਰ ਦੀ ਯੋਜਨਾ ਹੈ ਕਿ ਤੁਸੀਂ ਉਹਦੀ ਭਗਤੀ ਮਸੀਹ ਯਿਸੂ ਵਿੱਚ ਕਰੋ।

48 ਕੋਈ ਜਣਾ, ਕੋਈ ਫ਼ਿਰਕਾ ਪਰਸਤ ਗਿਰਜਾ ਇਹਦਾ ਦਾਅਵਾ ਨਹੀਂ ਕਰ ਸਕਦਾ। ਇਸ ਕਿਸਮ ਦੇ ਦਾਅਵੇ ਕਰਨ ਦੀ ਤੁਹਾਨੂੰ ਹਿੰਮਤ ਕਿਵੇਂ ਪੈਂਦੀ ਹੈ? ਇਹੋ ਜਿਹੀ ਕਰਤੂਤ ਤਾਂ ਮਸੀਹ ਵਿਰੋਧੀ ਆਤਮਾ ਦੀ ਹੀ ਹੋ ਸਕਦੀ ਹੈ, ਮਸੀਹ ਤੋਂ ਦੂਰ ਹੋ ਕੇ; ਉਸ ਤੋਂ ਦੂਰ ਹੋ ਕੇ। ਤੁਸੀਂ ਅਜਿਹਾ ਨਹੀਂ ਕਰ ਸਕਦੇ। ਮਸੀਹ ਯਿਸੂ ਹੀ ਅਜਿਹੀ ਥਾਂ ਹੈ ਜਿੱਥੇ ਪਰਮੇਸ਼ਵਰ ਆਪਣੇ ਭਗਤਾਂ ਨੂੰ ਮਿਲਦਾ ਹੈ।

49 ਅੱਜ, ਉਹ ਆਖਦੇ। ਮੇਰੇ ਕੋਲ ਲੋਕ ਨੇ ਜਿੰਨਾਂ ਦੱਸਿਆ। ਕੋਈ ਬਹੁਤਾ ਚਿਰ ਨਹੀਂ ਹੋਇਆ ਕਿ, ਇੱਕ ਬਿਊਮਾਊਂਟ ਟੈਕਸਾਸ ਦੇ ਰਹਿਣ ਵਾਲੇ ਨੇ ਮੈਂ ਸੱਦ ਕੇ ਕਿਹਾ। ਆਖਿਆ, “ਭਾਈ ਬ੍ਰਾਨਹਮ ਜੀ, ਜੇ ਤੁਹਾਡਾ ਨਾਮ ਸਾਡੀ ਕਲੀਸੀਆ ਦੀ ਕਿਤਾਬ ਵਿੱਚ ਨਾ ਚੜ੍ਹਿਆ, ਤਾਂ ਤੁਸੀਂ ਸਵਰਗ ਵਿੱਚ ਨਾ ਜਾ ਪਾਓਗੇ।” ਕੀ ਤੁਹਾਡੇ ਅੰਦਰ ਅਜਿਹਾ ਵਿਚਾਰ ਪੈਦਾ ਹੋ ਸਕਦਾ ਹੈ? ਇਹੋ ਜਿਹੀ ਗੱਲ ਦਾ ਤੁਸੀਂ ਕਦੇ ਯਕੀਨ ਨਾ ਕਰਿਓ। ਉਹ ਸੋਚਦੇ ਹਨ ਕਿ ਤੁਹਾਨੂੰ ਫਲਾਣੀ ਮਿਸ਼ਨ ਦਾ ਹੋਣਾ ਪੈਣਾ ਹੈ ਨਹੀਂ ਤਾਂ ਤੁਸੀਂ ਸੁਰਗ ਵਿੱਚ ਨਹੀਂ ਜਾ ਸਕਦੇ। ਇਹ ਗਲਤ ਗੱਲ ਹੈ। ਇਸ ਗੱਲ ਦਾ ਯਕੀਨ ਕਰਨਾ, ਵਿਰੋਧੀ ਹੋਣਾ ਹੈ। ਮੈਂ ਇਹ ਕਹਾਂਗਾ: ਜੇ ਤੁਸੀਂ ਅਜਿਹੀ ਆਤਮਾ ਦਾ ਯਕੀਨ ਕਰੋ, ਤਾਂ ਤੁਸੀਂ ਨਾਸ਼ ਹੋ ਜਾਉਗੇ। ਤੁਹਾਡੇ ਗੁਆਚੇ ਜਾਣ ਦਾ ਇਹ ਤਕੜਾ ਨਿਸ਼ਾਨ ਹੋਵੇਗਾ, ਕਿਉਂਕਿ ਇਹ ਗੱਲ ਤੁਹਾਨੂੰ ਪਰਮੇਸ਼ਵਰ ਦੀ ਕਰਨੀ ਤੋਂ ਲਾਂਭੇ ਖੜਦੀ ਹੈ। ਪਰਮੇਸ਼ਵਰ ਨੇ ਆਪਣਾ ਨਾਮ ਕਦੇ ਵੀ ਕਿਸੇ ਕਲੀਸੀਆ ਵਿੱਚ ਨਹੀਂ ਧਰਿਆ। ਉਹਨੇ ਆਪਣੇ ਪੁੱਤਰ ਯਿਸੂ ਮਸੀਹ ਵਿੱਚ ਇਹਨੂੰ ਰੱਖਿਆ ਹੈ, ਜਦ ਉਹ ਅਤੇ ਉਹਦਾ ਪੁੱਤਰ ਇੱਕ ਬਣ ਗਏ। ਇਹੋ ਹੀ ਭਗਤੀ ਕਰਨ ਦਾ ਅਸਲੀ ਥਾਂ ਹੈ। ਕੋਈ ਦੂਜੀ ਨੀਂਹ ਨਹੀਂ ਰੱਖੀ ਗਈ, ਕੋਈ ਦੂਜੀ ਚਟਾਨ ਨਹੀਂ।

> ਮਸੀਹ ਜੋ ਠੋਸ ਚਟਾਨ ਹੈ, ਮੈਂ ਉਹਦੇ ਤੇ ਖੜ੍ਹਾ ਹੁੰਦਾ ਹਾਂ;
> ਤੇ ਹੋਰ ਸਭ ਜਮੀਨ ਥੱਲੇ ਤਪਣ ਵਾਲੀ ਰੇਤ ਹੈ।

ਫ਼ਿਰਕਾ ਪਰਸਤੀਆਂ ਲੜ ਖੜਾ ਜਾਣਗੀਆਂ ਤੇ ਡਿੱਗ ਪੈਣਗੀਆਂ, ਕੌਮਾਂ ਜਾਂਦੀਆਂ ਰਹਿਣਗੀਆਂ ਪਰ ਸਦਾ ਸਦਾ ਦੇ ਲਈ ਕਾਇਮ ਰਹੇਗਾ। ਹੋਰ ਕੋਈ ਥਾਂ ਨਹੀਂ ਹੈ ਜਿਹੜੀ ਮਨੁੱਖ ਪਰਮੇਸ਼ਵਰ ਦੀ ਭਗਤੀ ਲਈ, ਲੱਭ ਸਕੇ, ਤੇ ਪਰਮੇਸ਼ਵਰ ਉਹਦੇ ਨਾਲ ਬੋਲੇ, ਕੋਈ ਹੋਰ ਥਾਂ ਨਹੀਂ, ਪਰ ਪ੍ਰਭੂ ਯਿਸੂ ਮਸੀਹ ਹੀ ਉਹ ਥਾਂ ਹੈ। ਇਹੋ ਹੀ ਉਹ ਥਾਂ, ਇਹੋ ਹੀ ਉਹ ਹੈ ਜਿਹੜੀ ਪਰਮੇਸ਼ਵਰ ਨੇ ਆਪਣਾ ਨਾਮ ਰੱਖਣ ਲਈ ਚੁਣੀ ਹੈ, ਤੇ ਕੇਵਲ ਇਹੋ ਹੀ ਉਹ ਥਾਂ ਹੈ ਜਿੱਥੇ

ਭਗਤੀ ਕਰਨ ਨਾਲ ਉਹ ਆਦਮੀ ਨੂੰ ਮਿਲਦਾ ਹੈ। ਜੇ ਤੁਸੀਂ ਇਸ ਤੋਂ ਵੱਧ ਕੁਝ ਹੋਰ ਮੰਨ ਲਓ, ਤਾਂ ਤੁਸੀਂ ਗੁਆਚ ਗਏ ਹੋ।

50 ਧਿਆਨ ਦਿਓ, ਯਹੂਦੀਆਂ ਦੇ ਸੱਤੇ ਦੇ ਸੱਤੇ ਪਰਬ ਉਸੇ ਇੱਕ ਥਾਂ ਮੰਨੇ ਜਾਂਦੇ ਸਨ। ਉਹਨਾਂ ਕਦੇ *ਏਦਾਂ* ਪਰਬ ਨਹੀਂ ਮਨਾਏ ਕਿ ਇਹ ਤਾਂ ਮੇਥੋਡਿਸਟੀਆਂ ਦਾ ਪਰਬ, ਤੇ *ਇੱਥੇ* ਇਹ ਬੇਪਟਿਸਟਾਂ ਦਾ ਪਰਬ, ਤੇ ਫਿਰ *ਇਹ* ਪ੍ਰੇਸਬੀਟੇਰੀਅਨਾਂ ਦਾ, ਅਤੇ *ਉਹ* ਕੈਥੋਲਿਕੀਆਂ ਦਾ, ਅਤੇ ਫਿਰ ਇੱਕ ਪਰਬ ਪ੍ਰੋਟੈਸਟੈਂਟਾਂ ਦਾ। ਪਰ ਸੱਤੇ ਦੇ ਸੱਤੇ ਪਰਬ ਮਨਾਏ ਜਾਣ ਦੀ ਇੱਕੋ ਹੀ ਥਾਂ ਸੀ।

51 ਇਹ ਇੱਕ ਬੜਾ ਵਧੀਆ ਨਮੂਨਾ ਹੈ। ਥੋੜ੍ਹਾ ਹੀ ਚਿਰ ਹੋਇਆ ਕਿ ਅਸੀਂ ਸੱਤੇ ਕਲਿਸਿਆਈ ਯੁੱਗ ਵਾਚੇ ਹਨ, ਇਹ ਇਸ ਗੱਲ ਨੂੰ ਬਿਆਨ ਕਰਦਾ ਹੈ ਕਿ ਪਰਮੇਸ਼ਵਰ ਨੇ ਸੱਤੇ ਕਲਿਸਿਆਈ ਯੁੱਗ ਆਪਣੇ ਵਚਨ ਵਿੱਚ ਰੱਖੇ ਹਨ, ਹਰੇਕ ਕਲੀਸੀਆਈ ਯੁੱਗ ਨੇ ਵਚਨ ਦਾ ਇੱਕ ਭਾਗ ਹੀ ਪੇਸ਼ ਕੀਤਾ, ਅਤੇ ਜਦੋਂ ਵੀ ਉਹਨਾਂ ਨੇ ਪੇਸ਼ ਕੀਤਾ ਤਾਂ ਉਹਨਾਂ ਨੇ ਰੋਸ਼ਨੀ ਵੇਖੀ।

ਉਹਨਾਂ ਲੋਕਾਂ ਵਾਂਗ ਹੀ ਜਿੰਨਾਂ ਪਹਿਲਾਂ ਯਿਸੂ ਨਾਮ ਵਿੱਚ ਬਪਤੀਸਮਾ ਦੇਣ ਦੀ ਖੋਜ ਕੀਤੀ। ਉਹਨਾਂ ਕੀ ਕੀਤਾ? ਉਹਨਾਂ ਇਹਦੀ ਮਿਸ਼ਨ ਬਣਾ ਲਈ, ਤੇ ਉਦੋਂ ਹੀ ਇਹਦੀ ਮੌਤ ਹੋ ਗਈ। ਤਾਂ ਪਰਮੇਸ਼ਵਰ ਕਿਸੇ ਹੋਰ ਵਿੱਚ ਕੰਮ ਕਰਨ ਲਈ ਚਲਿਆ ਗਿਆ। ਉਹਨਾਂ ਅੱਕੀਂਦਿਆਂ ਜਾਂ ਮੱਤ ਸਿਧਾਂਤਾਂ ਵਿੱਚ ਪਰਮੇਸ਼ਵਰ ਕਦੇ ਨਹੀਂ ਠਹਿਰੇਗਾ। ਉਹਦਾ ਇਹਦੇ ਨਾਲ ਕੋਈ ਵੀ ਤਲਕ ਵਾਸਤਾ ਨਹੀਂ ਹੈ। ਪਰਮੇਸ਼ਵਰ ਵਿੱਚ ਕੋਈ ਵਿਗਾੜ ਨਹੀਂ। ਪਰਮੇਸ਼ਵਰ ਦਾ ਵਚਨ ਪਵਿੱਤਰ, ਅਤੇ ਬਿਨਾਂ ਮਿਲਾਵਟ ਦੇ ਹੈ। ਮਸੀਹ ਪਰਮੇਸ਼ਵਰ ਦਾ ਪੂਜਾ ਭਗਤੀ ਦਾ ਕੇਂਦਰ ਹੈ। ਉਹ ਪਰਮੇਸ਼ਵਰ ਆਪ ਹੈ।

52 ਸੱਤੇ ਪਰਬ ਜਰੂਰ ਇਸ ਇੱਕੋ ਹੀ ਥਾਂ ਮਨਾਏ ਜਾਣ। ਤੁਸੀਂ ਪਰਬ ਕਿਸੇ ਹੋਰ ਥਾਂ ਨਹੀਂ ਮਨਾਂ ਸਕਦੇ। ਜਾਂ ਸੱਤਾਂ ਥਾਵਾਂ ਤੇ, ਨਹੀਂ ਮੰਨਾ ਸਕਦੇ...ਸਾਲ ਭਰ ਦੇ ਸੱਤੇ ਪਰਬ ਇੱਕੋ ਹੀ ਥਾਂ ਤੇ ਮਨਾਏ ਜਾਣ। ਇਸੇ ਵਾਸਤੇ, ਇਹ ਜਰੂਰੀ ਸੀ ਕਿ ਕਲੀਸੀਆ ਦੇ ਸਤੇ ਯੁੱਗ ਇੱਕੋ ਹੀ ਥਾਂ ਵਿੱਚੋਂ ਨਿਕਲਣ, ਇਹ ਮਸੀਹ ਹੀ ਸੀ ਜੋ ਕਿ ਕਲੀਸੀਆ ਦੇ ਸੱਤਾਂ ਯੁੱਗਾਂ ਵਿੱਚੋਂ ਦੀ ਬੋਲ ਰਿਹਾ ਸੀ। ਇਹ ਬਿਲਕੁਲ ਠੀਕ ਹੈ। ਸੱਤ ਕਲੀਸਿਆਈ ਯੁੱਗਾਂ ਦਾ ਨਮੂਨਾ। ਪਰ ਉਹਨਾਂ ਨੇ ਇਹਨਾਂ ਵਿੱਚੋਂ ਮਿਸ਼ਨਾਂ ਬਣਾ ਲਈਆਂ।

53 ਆਓ ਅਸੀ ਇੱਕ ਹੋਰ ਨਮੂਨੇ ਨੂੰ ਵਾਚੀਏ ਜਦ ਕਿ ਅਸੀਂ ਇਹ ਵੇਖ ਹੀ ਰਹੇ ਹਾਂ, ਇਹ ਪਸਾਹ ਦੇ ਲੇਲੇ ਦਾ ਨਮੂਨਾ ਹੈ, ਜੋ ਕਿ ਮਸੀਹ ਦਾ ਅੱਗਿਓਂ ਪਰਛਾਵਾਂ ਹੈ। ਇੱਥੇ ਅਸੀਂ ਇਸ ਬਲੀਦਾਨ ਨੂੰ ਵੇਖਦੇ ਹਾਂ ਜੋ ਲਹੂ ਵਗਾਏ ਜਾਣ

ਦੁਆਰਾ ਮੌਤ ਹੈ। ਲਹੂ ਵਗਾਏ ਜਾਣ ਦਾ ਇਹ ਬਲੀਦਾਨ ਉਹ ਥਾਂ ਹੈ ਜੋ ਮਸੀਹ ਦਾ ਅੱਗਿਓਂ ਪਰਛਾਵਾਂ ਸੀ। ਕੀ ਕੋਈ ਮਿਸ਼ਨ ਆਪਣਾ ਲਹੂ ਵਗਾ ਸਕਦੀ ਹੈ; ਕੀ ਤੁਸੀਂ ਸੋਚ ਸਕਦੇ ਹੋ ਕਿ ਕੋਈ ਕਲੀਸੀਆ ਲਹੂ ਵਹਾਏ, ਜਾਂ ਕੋਈ ਮਿਸ਼ਨ ਲਹੂ ਵਹਾਏ? ਜੀ ਨਹੀਂ। ਇੱਕ ਜੀਵ ਵਿੱਚੋਂ ਲਹੂ ਵਹਾਉਣ ਲਈ ਲਹੂ ਚਾਹੀਦਾ ਹੈ। ਅਤੇ ਉਹ ਜੀਵਨ, ਲੇਲੇ ਦੇ ਰੂਪ ਦਾ ਪਰਤੱਖ ਯਿਸੂ ਇੱਥੇ ਨਜਰ ਆਉਂਦਾ ਹੈ। ਲੇਲਾ ਮਸੀਹ ਦਾ ਨਮੂਨਾ ਸੀ, ਤੇ ਮਸੀਹ ਦਾ ਅੱਗਿਓਂ ਹੀ ਪਰਛਾਵਾਂ ਸੀ, ਕਿਉਂਕਿ ਉਹ "ਪਰਮੇਸ਼ਵਰ ਦਾ ਲੇਲਾ," ਸੀ ਜਿਹਦੀ ਮੁਲਾਕਾਤ ਯੂਹੰਨਾ ਨੇ ਕਰਵਾਈ ਕਿ "ਜਿਹੜਾ ਜਗਤ ਦੇ ਪਾਪ ਚੁੱਕ ਲੈ ਜਾਂਦਾ ਹੈ।" ਅਸੀਂ ਵੇਖਦੇ ਹਾਂ ਕਿ ਕੂਚ ਦੀ ਕਿਤਾਬ 12 ਵੇ ਅਧਿਆਏ ਵਿੱਚ, ਯਿਸੂ ਪ੍ਰਤੀਬਿੰਬ ਵਿੱਚ ਨਜਰ ਆਉਂਦਾ ਹੈ।

54 ਧਿਆਨ ਦਿਓ, ਲਹੂ ਹੀ ਉਹ ਥਾਂ ਸੀ ਜਿੱਥੇ ਮੌਤ ਹਮਲਾ ਨਾ ਕਰ ਸਕੀ। ਜਦ ਉਸ ਧਰਤੀ ਉੱਤੇ ਮੌਤ ਹਮਲਾ ਕਰਨ ਹੀ ਵਾਲੀ ਸੀ, ਜਰੂਰੀ ਇੱਕ ਖਾਸ ਥਾਂ ਨੇ ਹੋਣਾ ਸੀ; ਸਭ ਇਸਦੇ ਅਧੀਨ ਮਰੇ। ਕੇਵਲ ਇੱਕ ਹੀ ਥਾਂ ਹੈ! ਹੁਣ, ਇਹਦਾ ਮਤਲਬ ਇਹ ਨਹੀਂ ਸੀ ਕਿ ਇੱਕ ਘਰ; ਪਰ ਉੱਥੇ ਇੱਕ ਥਾਂ ਸੀ, ਉਸ ਥਾਂ ਤੇ ਉਹ ਲੇਲਾ ਕੱਟਿਆ ਗਿਆ ਸੀ। ਜਿੱਥੇ ਲੇਲੇ ਦਾ ਲਹੂ ਸੀ ਮੌਤ ਹਮਲਾ ਨਹੀਂ ਕਰ ਸਕੀ, ਕਿਉਂਕਿ ਇਹ ਉਹ ਇੱਕ ਥਾਂ ਸੀ ਜਿੱਥੇ ਪਰਮੇਸ਼ਵਰ ਨੇ ਆਪਣਾ ਨਾਮ ਰੱਖਿਆ ਹੋਇਆ ਸੀ। ਧਿਆਨ ਦਿਓ ਇਸ ਲੇਲੇ ਦਾ ਨਾਮ ਮੁੱਢ ਤੋਂ ਲੇਲਾ ਹੀ ਰੱਖਿਆ ਗਿਆ ਸੀ। ਧਿਆਨ ਦਿਓ, ਇਹੋ ਹੀ ਇੱਕ ਥਾਂ ਸੀ ਜਿੱਥੇ ਮੌਤ ਸੱਟ ਨਹੀਂ ਸੀ ਮਾਰ ਸਕਦੀ।

55 ਅੱਜ ਵੀ ਉਦਾਂ ਹੀ ਹੈ। ਸਿਰਫ਼ ਇੱਕੋ ਹੀ ਥਾਂ ਹੈ ਜਿੱਥੇ ਆਤਮਿਕ ਮੌਤ ਸੱਟ ਨਹੀਂ ਮਾਰ ਸਕਦੀ, ਇਹ ਤਾਂ ਵਚਨ ਹੈ। ਮੌਤ ਆਪਣੀ ਮਾਰ ਵਚਨ ਤੇ ਨਹੀਂ ਮਾਰ ਸਕਦੀ, ਕਿਉਂਕਿ ਇਹ ਤਾਂ ਪਰਮੇਸ਼ਵਰ ਦਾ ਜਿਉਂਦਾ ਵਚਨ ਹੈ।

ਪਰ ਜਦ ਤੁਸੀਂ ਇਹਦੇ ਨਾਲ ਅੱਕੀਦੇ ਜੋੜਦੇ ਹੋ ਤਾਂ ਵਚਨ ਆਪ ਬਾਹਰ ਚਲਾ ਜਾਂਦਾ ਹੈ। ਇਹ ਉਦਾਂ ਹੀ ਵੱਖ ਰਹੂ ਜਿਵੇਂ ਪਾਣੀਓਂ ਤੇਲ। ਤੁਸੀਂ ਇਹਨੂੰ ਇੱਕ ਨਹੀਂ ਕਰ ਸਕਦੇ। ਇਸ ਵਾਸਤੇ, ਤੁਸੀਂ ਵੇਖਦੇ ਹੋ, ਕਿ ਜਦ ਕੋਈ ਅੱਕੀਦਾ ਕਿਸੇ ਮਿਸ਼ਨ ਵਿੱਚ ਆ ਜੁੜਦਾ ਹੈ, ਤਾਂ ਉਹ ਸਾਰੇ ਉਸ ਅੱਕਿਦੇ ਵੱਲ ਲੱਗ ਤੁਰਦੇ ਹਨ; ਤੇ ਵਚਨ ਉੱਥੋਂ ਹੱਟ ਜਾਂਦਾ ਹੈ, ਜਾਂ ਹੋਰ ਕਿਸੇ ਨੂੰ ਆਪਣੀ ਵਲੇਟ ਵਿੱਚ ਲੈਂਦਾ ਹੈ ਤੇ ਉਸ ਨੂੰ ਵਧਾਉਂਦਾ ਹੈ। ਤੇ ਉੱਥੇ ਜੋਰ ਫੜਦਾ ਹੈ, ਜਿਦਾਂ ਇਹ ਧਰਮੀ ਠਹਿਰਨ ਤੋਂ ਅੱਗੇ ਵੱਧ ਕੇ, ਪਵਿੱਤਰ ਹੋਣ, ਤੇ ਫਿਰ ਪਵਿੱਤਰ ਆਤਮਾ ਦਾ ਬਪਤੀਸਮਾ ਪਾਉਣ ਤੇ ਉੱਥੋਂ ਅੱਗੇ ਵੱਧ ਕੇ ਦਾਣਾ ਬਣਨ ਤਕ! ਕੀ ਤੁਸਾਂ ਉਸ ਪੱਖ ਨੂੰ ਵੇਖ ਲਿਆ ਹੈ ਜੋ ਪਰਮੇਸ਼ਵਰ ਨੇ ਲਿਆ ਹੈ? ਤੇ ਇਸ

ਸਭ ਵਿੱਚ ਆਪਣਾ ਹੀ ਨਾਮ ਰੱਖਿਆ ਹੈ, ਠੀਕ ਦਰਜਾ ਬਦਰਜਾ ਉਸੇ ਹੀ ਰਾਹ ਤੇ, ਕਿਉਂ ਜੋ ਉਹ ਵਚਨ ਹੈ।

ਧਿਆਨ ਦਿਓ, ਇਹ ਮਰ ਨਹੀਂ ਸਕਦਾ। ਜਿਉਂਣ ਦਾ ਵਚਨ ਮਰ ਨਹੀਂ ਸਕਦਾ।

56 ਧਿਆਨ ਦਿਓ, ਹੁਣ ਇਹ ਕਿੰਨਾਂ ਪਰਿਪੂਰਕ ਹੈ। ਮੌਤ ਦੇ ਦੂਤ ਨੂੰ ਮਿਸਰ ਨੂੰ ਮਾਰਨ ਤੋਂ ਮੰਨਾ ਨਹੀਂ ਸੀ ਕੀਤਾ ਗਿਆ ਮਹਾਨ ਬੁੱਧਵਾਨ ਲੋਕ। ਉਸ ਨੂੰ ਵਰਜਿਆ ਨਹੀਂ ਸੀ ਗਿਆ ਕਿ ਉਹ ਮਿਸਰ ਦੀ ਪਵਿੱਤਰ ਧਰਤੀ ਨੂੰ ਨਾ ਮਾਰੇ, ਉੱਥੋਂ ਦੀਆਂ ਵੱਡੀਆਂ ਇਮਾਰਤਾਂ, ਫਿਰਾਉਨਾਂ ਨੂੰ। ਜਾਂ ਉਸ ਦੇਸ਼ ਦੇ ਪਰੋਹਤਾਂ ਨੂੰ। ਤੇ ਫਰਿਸ਼ਤੇ ਨੂੰ ਮਾਰਨ ਲਈ ਨਹੀਂ ਸੀ ਵਰਜਿਆ ਗਿਆ। ਉਹ ਕਿਸੇ ਵੀ ਇਮਾਰਤ ਨੂੰ, ਕਿਸੇ ਥਾਂ ਨੂੰ, ਜਾਂ ਕਿਸੇ ਵੀ ਜਣੇ ਨੂੰ ਮਾਰ ਸਕਦਾ ਸੀ, ਪਰ ਜਿੱਥੇ ਲੇਲੇ ਦਾ ਲਹੂ ਉੱਥੇ ਉਹ ਨਹੀਂ ਸੀ ਮਾਰ ਕਰ ਸਕਦਾ।

ਪਰਮੇਸ਼ਵਰ ਦੇ ਬਖਸ਼ੇ ਹੋਏ ਥਾਂ ਵਿੱਚ ਮੌਤ ਮਾਰ ਨਹੀਂ ਸੀ ਕਰ ਸਕਦੀ, ਅਤੇ ਉਹ ਥਾਂ ਲੇਲੇ ਵਿੱਚ ਹੈ।

57 ਧਿਆਨ ਦਿਓ ਫ਼ਰਿਸ਼ਤਾ ਇਸਰਾਏਲ ਨੂੰ...ਜਾਂ ਉਹਨਾਂ ਦੇ ਇਬਰਾਨੀ ਜਾਜਕਾਂ ਨੂੰ, ਤੇ ਉਹਨਾਂ ਦੀ ਕੋਈ ਵੀ ਫਿਰਕਾਪ੍ਰਸਤੀ ਨੂੰ ਮਾਰਨ ਲਈ ਵਰਜਿਆ ਨਹੀਂ ਸੀ ਗਿਆ। ਸਭਨਾਂ ਨੇ ਪਰਮੇਸ਼ਵਰ ਦੀ ਚੁਣੀ ਹੋਈ ਥਾਂ ਵਿੱਚ ਹੋਣਾ ਸੀ ਨਹੀਂ ਤਾਂ ਮੌਤ ਸੱਟ ਮਾਰੇਗੀ।

58 ਕਲੀਸੀਆ ਤੁਸੀਂ ਜਿੱਥੇ ਕਿਤੇ ਵੀ ਹੋਵੋ ਤੁਹਾਡਾ ਵਾਹ ਕਿਸੇ ਵੀ ਥਾਂ ਹੋਵੇ, ਮੇਰੇ ਲਈ ਕੋਈ ਫਰਕ ਨਹੀਂ ਹੈ। ਪਰ ਤੁਸੀਂ ਇੱਕ ਗੱਲ ਜਾਣ ਲਉ, ਤੁਹਾਨੂੰ ਮਸੀਹ ਵਿੱਚ ਹੋਣਾ ਜਰੂਰੀ ਹੈ, ਨਹੀਂ ਤਾਂ ਤੁਸੀਂ ਮਰੇ ਹੋਏ ਹੋ। ਤੁਸੀਂ ਉਹਦੇ ਬਾਹਰ ਜੀ ਨਹੀਂ ਸਕਦੇ। ਤੁਹਾਡਾ ਗਿਰਜਾ ਇੱਕ ਇਮਾਰਤ ਹੋਣ ਦੇ ਨਾਤੇ ਠੀਕ ਹੋ ਸਕਦਾ ਹੈ; ਇੱਕ ਇਨਸਾਨ ਹੋਣ ਦੇ ਨਾਤੇ, ਤੁਹਾਡੀ ਸੰਗਤ ਠੀਕ ਹੋ ਸਕਦੀ ਹੈ। ਪਰ ਜਦ ਤੁਸੀਂ ਦੇਹ ਦਾ, ਲਹੂ ਦਾ ਤੇ ਯਿਸੂ ਮਸੀਹ ਦੇ ਵਚਨ ਦਾ ਇਨਕਾਰ ਕਰਦੇ ਹੋ, ਤੁਸੀਂ ਉਸੇ ਵੇਲੇ ਹੀ ਮਰ ਜਾਂਦੇ ਹੋ ਜਦੋਂ ਤੁਸੀਂ ਇਦਾਂ ਕਰਦੇ ਹੋ। ਇਹ ਪਰਮੇਸ਼ਵਰ ਦੀ ਭਗਤੀ ਕਰਨ ਦੀ ਚੁਣੀ ਹੋਈ ਥਾਂ ਹੈ। ਉਸੇ ਥਾਂ ਤੇ ਠੀਕ ਉਹਦਾ ਨਾਮ, ਰੱਖਿਆ ਹੋਇਆ ਹੈ। ਇਹ ਹੀ ਥਾਂ ਹੈ ਜਿਹੜੀ ਉਹਨੇ ਆਪਣਾ ਨਾਮ ਰੱਖਣ ਲਈ ਚੁਣੀ; ਕਲੀਸੀਆ ਵਿੱਚ ਨਹੀਂ, ਪਰ ਆਪਣੇ ਪੁੱਤਰ ਯਿਸੂ ਵਿੱਚ।

59 ਧਿਆਨ ਦਿਓ, ਉਹਦੇ ਚੁਣੇ ਹੋਏ ਥਾਂ ਵਿੱਚ ਹੀ ਸੁਰੱਖਿਆ ਹੈ, ਉਹਦੇ ਲੇਲੇ ਵਿੱਚ ਹੀ, ਅਤੇ ਲੇਲੇ ਦੇ ਨਾਮ ਵਿੱਚ ਹੀ।

60 ਧਿਆਨ ਦਿਓ, ਇਹ “ਨਰ” ਲੇਲਾ ਸੀ, ਨਰ, ਅਤੇ ਨਾਰੀ ਨਹੀਂ ਸੀ। ਕਲੀਸੀਆ ਦਾ ਨਾਮ ਨਹੀਂ, ਜੋ ਕਿ ਨਾਰੀ ਹੈ; ਪਰ ਉਹਦਾ ਨਾਮ, ਜੋ ਕਿ ਨਰ

ਹੈ। ਉਹ ਲੋਕਾਂ ਨੂੰ ਨਾਰੀ ਦੇ ਨਾਮ ਵਿੱਚ ਭਾਵ ਕਲੀਸੀਆ ਦੇ ਨਾਮ ਵਿੱਚ ਨਹੀਂ ਮਿਲਦਾ, ਪਰ ਆਪਣੇ ਨਾਮ ਵਿੱਚ, ਜੋ ਕਿ ਲੇਲੇ ਦਾ ਨਾਮ ਹੈ!

61 ਹੁਣ ਅਸੀਂ ਆਖਦੇ ਹਾਂ, "ਕਲੀਸੀਆ, ਮਹਾਨ, ਸ਼ਕਤੀਮਾਨ ਕਲੀਸੀਆ, ਜਿਸ ਨੇ *ਫਲਾਣਾ* ਕੰਮ ਅਤੇ *ਢਮਕਾਣਾ* ਕੰਮ ਕੀਤਾ। ਅਸਾਂ ਹਨੇਰੀਆਂ ਸਿਰ ਤੇ ਝੱਲੀਆਂ। ਅਸੀਂ ਕਲੀਸੀਆ ਦੀ ਵਸੋਂ ਵਧਾਈ। ਅਸੀਂ ਗਿਣਤੀ ਵਿੱਚ ਵੱਧ ਹਾਂ। ਅਸੀਂ ਇੱਕ ਜੋਰ ਵਾਲੀ ਕਲੀਸੀਆ ਹਾਂ। ਉਹ ਇੱਕ ਵੱਡੀ ਚੀਜ ਹੈ।"

ਪਰ ਪਰਮੇਸ਼ਵਰ ਨੇ ਕਦੇ ਵੀ ਇਸ ਨਾਰੀ ਦੇ ਬਾਰੇ ਵਿੱਚ ਕੁਝ ਨਹੀਂ ਕਿਹਾ। ਉਹਨੇ ਕਿਹਾ, "ਉਹ ਨਰ"। "ਉਹ ਨਰ" ਜੋ ਕਿ ਲੇਲਾ ਹੈ ਮਿਲਣ ਦੀ ਥਾਂ ਹੈ, ਨਾ ਕਿ ਕਲੀਸੀਆ। ਉਸ ਨਾਰੀ ਦਾ ਨਾਮ ਨਹੀਂ, ਪਰ ਉਸ ਨਰ ਦਾ ਨਾਮ। ਉਹਨੇ ਕਿਤੇ ਵੀ ਉਸ ਨਾਰੀ ਦਾ ਨਾਮ ਨਹੀਂ ਸੀ ਧਰਿਆ, ਪਰ ਉਸ ਨਰ ਦਾ ਨਾਮ ਧਰਿਆ ਹੈ "ਉਹਦੇ ਵਿੱਚ"!

ਇਹੀ ਕਾਰਣ ਹੈ ਕਿ, "ਅਸੀਂ ਜੋ ਵੀ ਕੰਮ ਕਰੀਏ, ਜਾਂ ਵਚਨ ਕਰੀਏ, ਉਹ ਸਭ ਯਿਸੂ ਮਸੀਹ ਦੇ ਨਾਮ ਵਿੱਚ ਕਰੀਏ।" ਜੇ ਅਸੀਂ ਪ੍ਰਾਰਥਨਾ ਕਰੀਏ, ਤਾਂ ਜਰੂਰੀ ਹੈ ਕਿ ਅਸੀਂ ਯਿਸੂ ਦੇ ਨਾਮ ਵਿੱਚ ਕਰੀਏ। ਜੇ ਅਸੀਂ ਕੋਈ ਮੰਨਤ ਮੰਗੀਏ, ਤਾਂ ਯਿਸੂ ਦੇ ਨਾਮ ਵਿੱਚ ਹੀ ਮੰਗੀਏ। ਜੇ ਅਸੀਂ ਤੁਰੀਏ ਫਿਰੀਏ ਤਾਂ ਯਿਸੂ ਦੇ ਨਾਮ ਵਿੱਚ ਤੁਰੀਏ ਫਿਰੀਏ। ਤੇ ਜੇ ਗੱਲਬਾਤ ਕਰੀਏ ਤਾਂ ਯਿਸੂ ਦੇ ਨਾਮ ਵਿੱਚ ਗੱਲਬਾਤ ਕਰੀਏ। ਜੇ ਅਸੀਂ ਬਪਤੀਸਮਾ ਦੇਈਏ, ਉਹ ਵੀ ਜਰੂਰ ਹੀ ਯਿਸੂ ਮਸੀਹ ਦੇ ਨਾਮ ਵਿੱਚ ਹੀ ਦੇਈਏ। ਕਿਉਂ ਜੋ, "ਅਸੀਂ ਜੋ ਕੁਝ ਵੀ ਕਰੀਏ ਭਾਵੇਂ ਕੰਮਾਂ ਵਿੱਚ ਭਾਵੇਂ ਵਚਨ ਵਿੱਚ ਸਭੋ ਕੁਝ ਯਿਸੂ ਮਸੀਹ ਦੇ ਨਾਮ ਵਿੱਚ ਕਰੀਏ।"

62 ਇੱਕ ਜਣੇ ਨੇ ਇਸੇ ਹੀ ਵਿਸ਼ੇ ਤੇਰੇ ਨਾਲ ਵਾਦ ਵਿਵਾਦ ਕਰਦਿਆਂ ਕਿਹਾ, "ਭਾਈ ਬ੍ਰਾਨਹਮ, ਜੀ ਮੇਰੀ ਘਰਵਾਲੀ, ਮੈਂ..." ਉਸਨੇ ਕਿਹਾ, "ਉਹ, ਉਹਦਾ *ਫਲਾਣਾ ਫਲਾਣਾ* ਨਾਮ ਹੈ," ਉਹ ਇੱਕ ਸੇਵਕ ਹੈ, ਉਹ ਇੱਥੇ ਹੀ ਬੈਠਾ ਹੋਇਆ ਹੈ। ਅਤੇ ਉਸਨੇ ਕਿਹਾ, "ਮੇਰੀ ਪਤਨੀ," ਕਿਹਾ, "ਉਹ ਮੇਰੇ ਨਾਮ ਤੇ ਸਦਾਉਂਦੀ ਹੈ।" ਮੈਂ ਸਿਰਫ਼ ਉਂਝ ਹੀ *ਜੋਨਸ* ਕਹਾਂਗਾ, ਅਸਲ ਵਿੱਚ ਇਹ ਜੋਨਸ ਨਹੀਂ ਸੀ। ਉਹਨੇ ਕਿਹਾ, "ਹੁਣ, ਉਹਨੂੰ ਇਹਦੀ ਲੋੜ ਨਹੀਂ ਹੈ ਕਿ ਸਵੇਰੇ ਉਠ ਕੇ, ਝਾੜੂ ਫੜੇ ਤੇ ਆਖੇ, 'ਹੁਣ ਸਵੇਰੇ ਉਠ ਕੇ ਝਾੜੂ ਫੜੇ ਤੇ ਆਖੇ ਕਿ ਹੁਣ ਮੈਂ ਫ਼ਰਸ਼ ਜੋਨਸ ਦੇ ਨਾਮ ਤੇ ਹੂੰਝਦੀ ਹਾਂ, ਅਤੇ ਮੈਂ ਜੋਨਸ ਦੇ ਨਾਮ ਵਿੱਚ ਭਾਂਡੇ ਮਾਂਜਦੀ, ਜੋਨਸ ਦੇ ਨਾਮ ਤੇ ਕੱਪੜਿਆਂ ਨੂੰ ਟਾਕੀ ਲਾਉਂਦੀ ਹਾਂ।'" ਤੇ ਫਿਰ ਉਹ ਆਖਣ ਲੱਗਾ, "ਮੇਰੇ ਵਿਚਾਰ ਵਿੱਚ ਤਾਂ ਕੋਈ ਲੋੜ ਨਹੀਂ ਜੋ ਕੋਈ ਵੀ ਨਾਮ ਲਿਆ ਜਾਵੇ।"

ਮੈਂ ਆਖਿਆ, "ਮੈਂ ਤਾਂ ਯਕੀਨ ਕਰਦਾ ਹਾਂ ਕੀ ਤੁਸੀਂ ਲੈਂਦੇ ਹੋ।" ਇਹ ਠੀਕ ਹੈ।

ਅਤੇ ਉਸ ਆਖਿਆ, "ਜੀ, ਕਾਹਦੇ ਲਈ? ਕੀ ਲੋੜ ਪਈ ਹੈ ਇਸ ਤਰ੍ਹਾਂ ਆਖਣ ਦੀ। ਉਹ ਕੰਮ ਤਾਂ ਜੋਨਸ ਦੇ ਨਾਮ ਤੇ ਹੀ ਅੱਵਲ ਕਰਦੀ ਹੈ।"

63 ਮੈਂ ਕਿਹਾ, "ਪਰ ਤੁਸਾਂ ਉਹਨੂੰ ਗਲੀ ਵਿੱਚ ਜਾਂਦਿਆਂ ਐਵੇਂ ਹੀ ਤਾਂ ਨਹੀਂ ਫੜ ਕੇ ਆਖਿਆ, ਕਿ, 'ਜੋਨਸ, ਆ ਜਾ।' ਉਹਨੂੰ ਲੋੜ ਸੀ, ਕਿ ਉਹ ਰੀਤ ਨੂੰ ਪੂਰਾ ਕਰਦੀ, ਵਿਆਹ ਦੀ ਰੀਤ ਨੂੰ ਪੂਰਾ ਕਰਕੇ, 'ਜੋਨਸ' ਸਦਾਉਂਦੀ। ਜੇ ਉਹਨੇ ਇਸ ਤਰ੍ਹਾਂ ਨਹੀਂ ਕੀਤਾ ਤਾਂ ਤੁਸੀਂ ਵਿਭਚਾਰ ਵਿੱਚ ਰਹਿ ਰਹੇ ਹੋ। ਤੇ ਜੇ ਤੁਹਾਡਾ ਬਪਤੀਸਮਾ ਕਿਸੇ ਹੋਰ ਢੰਗ ਨਾਲ ਹੋਇਆ ਹੈ ਸਿਵਾਏ ਯਿਸੂ ਮਸੀਹ ਦੇ ਨਾਮ ਦੇ, ਤਾਂ ਤੁਸੀਂ ਆਤਮਿਕ ਵਿਭਚਾਰ ਦਾ ਬਪਤੀਸਮਾ ਲਿਆ ਹੈ ਜਿਹੜਾ ਕਿ ਬਾਈਬਲ ਵਿੱਚ ਤਾਂ ਪਾਇਆ ਨਹੀਂ ਜਾਂਦਾ।"

ਤਾਂ, "ਤੁਸੀਂ ਜੋ ਕੁਝ ਵੀ ਕਰੋ, ਕਰਮ ਜਾਂ ਵਚਨ, ਸਭ ਯਿਸੂ ਮਸੀਹ ਦੇ ਨਾਮ ਵਿੱਚ ਕਰੋ," ਉਸ ਤੋਂ ਉਪਰੰਤ ਤੁਸਾਂ ਕੀ ਕਰਨਾ ਹੈ। ਪਹਿਲਾਂ ਤੁਸੀਂ ਉਹਦੇ ਨਾਮ ਵਿੱਚ ਆਉਣਾ ਹੈ।

64 ਅੱਜ ਦੀ ਰਾਤ ਇੱਥੇ ਬੜੀਆਂ ਚੰਗੀਆਂ ਬੀਵੀਆਂ ਹਨ, ਇਸੇ ਹੀ ਇਮਾਰਤ ਵਿੱਚ, ਬੜੀਆਂ ਵਫ਼ਾਦਾਰਨਾਂ; ਪਰ ਕੇਵਲ ਇੱਕ ਜਣੀ ਹੀ ਸ਼੍ਰੀਮਤੀ ਵਿਲਿਅਮ ਬ੍ਰਾਨਹਮ ਹੈ। ਤੇ ਉਹੋ ਹੀ ਇਕੱਲੀ ਮੇਰੇ ਨਾਲ ਘਰ ਜਾਵੇਗੀ। ਉਹੋ ਹੀ ਇਕੱਲੀ ਮੇਰੀ ਪਤਨੀ ਹੈ।

65 ਅੱਜ ਦੁਨੀਆਂ ਵਿੱਚ ਬੜੇ ਬੜੇ ਵਧੀਆ ਲੋਕ ਹਨ, ਬੜੀਆਂ ਬੜੀਆਂ ਵਧੀਆਂ ਕਲਿਸਿਆਵਾਂ; ਪਰ ਇੱਕੋ ਹੀ ਕਲੀਸੀਆ ਹੈ ਜਿਹੜੀ ਯਿਸੂ ਮਸੀਹ ਦੀ ਪਤਨੀ ਕਰਕੇ ਸਦਾਉਂਦੀ ਹੈ ਤੇ ਉਹ ਦੇ ਲਈ ਹੀ ਉਹ ਆ ਰਿਹਾ ਹੈ। ਤੇ ਉਸਦੇ ਅੰਦਰ ਹੀ ਉਹਦਾ ਨਾਮ ਹੈ। ਜਿੱਥੇ ਉਸਦੀ ਭਗਤੀ ਹੈ, ਉਹਦੇ ਵਿੱਚ ਅਤੇ ਸਿਰਫ਼ ਉਹਦੇ ਵਿੱਚ। ਇਹ ਸੱਚ ਹੈ। ਆਹ, ਹਾਂ ਸ਼੍ਰੀਮਾਨ ਜੀ, ਅਸੀਂ ਇਸਨੂੰ ਸੱਚ ਵੇਖਦੇ ਹਾਂ।

66 ਹੁਣ, ਇਹੀ ਕਾਰਣ ਹੈ, ਭਾਈ ਅਸੀਂ, "ਭਾਵੇਂ ਕੋਈ ਕੰਮ ਕਰੀਏ ਭਾਵੇਂ ਕੋਈ ਵਚਨ ਕਰੀਏ, ਸਭ ਕੁਝ ਯਿਸੂ ਮਸੀਹ ਦੇ ਨਾਮ ਵਿੱਚ ਕਰਦੇ ਹਾਂ।"

"ਕਿਉਂਕਿ ਆਸਮਾਨ ਦੇ ਹੇਠਾਂ ਮਨੁੱਖਾਂ ਵਿੱਚ ਹੋਰ ਕੋਈ ਨਾਂ ਨਹੀਂ ਦਿੱਤਾ ਗਿਆ, ਜਿਸ ਤੋਂ ਅਸੀਂ ਬਚਾਏ ਜਾਣਾ ਹੈ ਸਿਵਾਏ ਯਿਸੂ ਮਸੀਹ ਦੇ ਨਾਮ ਦੇ।" ਰਸੂਲਾਂ ਦੇ ਕਰਤਬ, ਉਹਦੇ ਦੂਜੇ ਅਧਿਆਏ ਵਿੱਚ, ਇਓਂ ਲਿਖਿਆ ਹੈ, "ਤੁਸੀਂ ਇਹ ਜਾਣ ਲਓ…" "ਆਸਮਾਨ ਦੇ ਹੇਠਾਂ ਮਨੁੱਖਾਂ ਵਿੱਚ ਕੋਈ ਹੋਰ ਦੂਜਾ ਨਾਮ ਨਹੀਂ ਦਿੱਤਾ ਗਿਆ, ਜਿਹਦੇ ਨਾਲ ਮਨੁੱਖ ਨੇ ਬਚਾਏ ਜਾਣਾ ਹੈ, ਕੇਵਲ ਯਿਸੂ

ਮਸੀਹ ਦੇ ਨਾਮ ਵਿੱਚ ਹੀ ਮੁਕਤੀ ਹੈ।" ਆਮੀਨ। ਮੈਂ ਆਸ ਕਰਦਾ ਹਾਂ ਕਿ ਤੁਹਾਨੂੰ ਸਮਝ ਲੱਗੀ ਹੈ। ਯਿਸੂ ਮਸੀਹ ਦੇ ਨਾਮ, ਹਰੇਕ...

ਤੇ ਹੀ ਪੁਕਾਰਿਆ ਜਾਂਦਾ ਹੈ, "ਆਸਮਾਨ ਦੀ ਸਾਰੀ ਸੈਨਾ ਦਾ ਨਾਂ ਯਿਸੂ ਹੀ ਹੈ," ਬਾਈਬਲ ਨੇ ਇਹ ਦੱਸਿਆ ਹੈ, "ਜਮੀਨ ਉਤਲੇ ਸਾਰੇ ਪਰਿਵਾਰ ਦਾ ਨਾਂ ਯਿਸੂ ਹੀ ਹੈ।" ਇਹ ਪਰਮੇਸ਼ਵਰ ਦਾ ਚੁਣਿਆ ਹੋਇਆ ਨਾਮ ਹੈ ਤੇ ਜਿੱਥੇ ਉਹਨੇ ਇਹਨੂੰ ਰੱਖਿਆ ਹੈ। ਇਹ ਪਰਮੇਸ਼ਵਰ ਦੀ ਭਗਤਿ ਦੀ ਥਾਂ ਹੈ ਤੇ ਉਹ ਯਿਸੂ ਮਸੀਹ ਹੈ। ਹੁਣ, ਸਾਨੂੰ ਹੁਣ ਪਤਾ ਹੈ ਭਾਈ ਗੱਲ ਇਹੋ ਹੀ ਹੈ, ਭਗਤੀ ਦੀ ਕੋਈ ਹੋਰ ਥਾਂ ਨਹੀਂ, ਪਰ ਯਿਸੂ ਮਸੀਹ ਵਿੱਚ।

67 "ਕਿਉਂ ਜੋ ਆਕਾਸ਼ ਤੋਂ ਹੇਠਾਂ ਮਨੁੱਖਾਂ ਵਿੱਚ ਹੋਰ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ, ਜਿਸ ਤੋਂ ਅਸਾਂ ਬਚਾਏ ਜਾਣਾ ਹੈ।" ਪਰਮੇਸ਼ਵਰ ਦਾ ਇਹ ਨਿਸਤਾਰੇ ਵਾਲਾ ਨਾਮ ਹੈ। ਪਰਮੇਸ਼ਵਰ ਦੇ ਨਾਮ ਯਹੋਵਾਹ-ਯਿਰੇ, ਯਹੋਵਾਹ-ਰਾਫ਼ਾ, ਯਹੋਵਾਹ ਯਿਰੇ। "ਪਰਮੇਸ਼ਵਰ ਤੇਰੇ ਸਾਰੇ ਪਾਪਾਂ ਨੂੰ ਮਾਫ ਕਰਦਾ ਹੈ।" *ਯਹੋਵਾਹ-ਰਾਫ਼ਾ,* "ਪਰਮੇਸ਼ਵਰ ਤੈਨੂੰ ਤੇਰੀਆਂ ਸਭ ਬਿਮਾਰੀਆਂ ਤੋਂ ਚੰਗਾ ਕਰਦਾ ਹੈ।" ਉਸਦੇ ਕਈ ਅਹੁਦੇ ਹਨ। ਪਰ ਉਹਦੇ ਕੋਲ ਇੱਕ ਹੀ ਨਾਮ ਛੁਟਕਾਰੇ ਦਾ ਨਾਮ ਹੈ, ਮਨੁੱਖ ਜਾਤੀ ਦੇ ਬਚਾਅ ਨਾਲ ਵਾਹ ਰੱਖਣ ਵਾਲਾ, ਇੱਕ ਨਾਮ ਹੈ ਉਹ "ਯਿਸੂ" ਹੀ ਹੈ। ਇਹ ਉਹਦਾ ਨਾਮ ਹੈ, ਜੋ ਉਸਨੇ ਰੱਖਣ ਲਈ ਚੁਣਿਆ। ਇਹ ਨਾਮ ਉਹਨੇ ਕਿੱਥੇ ਧਰਿਆ? ਇਹ ਨਾਮ ਉਹਨੇ ਮਸੀਹ ਵਿੱਚ ਧਰਿਆ।

68 ਕਲੀਸੀਆ ਦੇ ਦੂਜੇ ਨਾਵਾਂ, ਅੱਕਿਦੀਆਂ ਖਤਾਬਾਂ ਤੇ ਭਰੋਸਾ ਕਰਨਾ ਮੌਤ ਹੈ। ਤੁਸੀਂ ਮੇਥੋਡਿਸਟ ਤੇ ਭਰੋਸਾ ਰੱਖਦੇ ਹੋ ਕਿ ਉਹ ਤੁਹਾਨੂੰ ਸਵਰਗ ਲੈ ਜਾਊ, ਤੁਸੀਂ ਗੁਆਚੇ ਹੋਏ ਹੋ। ਜੇ ਤੁਸੀਂ ਆਪਣੀ ਆਸ ਪੈਂਤੀਕੁਸਤੀਆਂ ਤੇ ਲਾਈ ਹੋਈ ਹੈ ਕਿ ਉਹ ਤੁਹਾਨੂੰ ਸਵਰਗ ਲੈ ਜਾਣਗੇ ਤਾਂ ਤੁਸੀਂ ਗੁਆਚੇ ਹੋਏ ਹੋ। ਬੇਪਟਿਸਟਾਂ ਵਿੱਚ, ਲੂਥਰਨਾਂ ਵਿੱਚ, ਪ੍ਰੇਸਬਾਇਟੇਰੀਅਨਜ ਵਿੱਚ, ਕੈਥੋਲਿਕ ਵਿੱਚ, ਜਾਂ ਕਿਸੇ ਹੋਰ ਦੂਜੇ ਗਿਰਜੇ ਵਿੱਚ; ਤੁਸੀਂ ਉਹਨਾਂ ਦੇ ਨਾਮ ਵਿੱਚ, ਖਤਾਬ ਵਿੱਚ, ਅੱਕਿਦੇ ਵਿੱਚ ਭਰੋਸਾ ਰੱਖਦੇ ਹੋ, ਤਾਂ ਤੁਸੀਂ ਗੁਆਚੇ ਹੋਏ ਹੋ।

ਕਿਉਂਕਿ, ਤੁਸੀਂ ਭਗਤੀ ਕਰ ਹੀ ਨਹੀਂ ਸਕਦੇ ਜਦ ਤਕ ਕਿ ਪਹਿਲਾਂ ਤੁਸੀਂ ਭਗਤੀ ਦੀ ਥਾਂ ਵਿੱਚ ਆਓ। ਆਮੀਨ। ਉਹੋ ਹੀ ਇੱਕ ਥਾਂ ਹੈ ਜਿਹੜੀ ਉਹਨੇ ਆਪਣਾ ਨਾਮ ਰੱਖਣ ਲਈ ਚੁਣੀ, ਜਿੱਥੇ ਉਹ ਭਗਤ ਨੂੰ ਮਿਲਦਾ ਹੈ। ਬਾਕੀ ਸਭ ਦੂਜੀਆਂ ਥਾਵਾਂ ਵਿੱਚ ਜੇ ਤੁਸੀਂ ਭਰੋਸਾ ਰੱਖੋ ਤਾਂ ਤੁਸੀਂ ਮਰ ਜਾਉਗੇ। ਉਹ ਵੀ...

69 ਯਿਸੂ ਦਾ ਇੱਕ ਹੋਰ ਪਰਛਾਵਾਂ ਹੈ, ਇਸ ਹਵਾਲੇ ਉੱਤੇ ਮੈਂ ਨਿਸ਼ਾਨ ਲਾਇਆ ਹੋਇਆ ਹੈ। ਅਤੇ ਉਹਦਾ—ਉਹਦਾ ਇੱਥੇ ਅੱਗਿਓਂ ਪਰਛਾਵਾਂ ਇਹ ਵੀ ਹੈ, "ਉਹ ਬੱਜ ਰਹਿਤ ਹੋਵੇ।" ਉਹ ਲੇਲਾ ਜਿਹਦੇ ਵਿੱਚ ਉਹ ਆਪਣਾ ਨਾਮ ਧਰਦਾ ਹੈ, ਬੱਜ ਤੋਂ ਰਹਿਤ ਹੋਣਾ ਚਾਹੀਦਾ ਹੈ।

ਹੁਣ, ਕਿਹੜੇ ਫਿਰਕਾਪ੍ਰਸਤੀ ਜਾਂ ਪ੍ਰਣਾਲੀ ਨਾਲ ਤੁਸੀਂ ਜੁੜੋਗੇ; ਕਿਹੜੀ ਕਲੀਸੀਆ, ਕੈਥੋਲਿਕ, ਪ੍ਰੋਟੈਸਟੈਂਟ, ਯਹੂਦੀ ਜਾਂ ਜੋ ਕੁਝ ਵੀ ਇਹ ਹੋਵੇ? ਕਿਹੜੀ ਪ੍ਰਣਾਲੀ, ਕਿਹੜੀ ਫਿਰਕਾਪ੍ਰਸਤੀ, ਨੂੰ ਤੁਸੀਂ ਇਹਦੇ ਨਾਲ ਜੋੜ ਸਕਦੇ ਹੋ, "ਜਿਹਦੇ ਉੱਤੇ ਕੋਈ ਬੱਜ ਨਾ ਹੋਵੇ"? ਇਹ ਸਭ ਰੱਦੀਆਂ, ਅਤੇ ਤਿਆਗੀਆਂ ਗਈਆਂ ਹਨ!

ਪਰ ਇੱਕ ਥਾਂ ਹੈ! ਹਾਲੇਲੂਯਾਹ! ਅਤੇ ਉਹ ਥਾਂ ਯਿਸੂ ਮਸੀਹ ਵਿੱਚ ਹੈ। ਉਹਦੇ ਵਿੱਚ ਕੋਈ ਬੱਜ ਨਹੀਂ ਹੈ। ਉਸ ਵਿੱਚ ਕੋਈ ਦੋਸ਼ ਨਹੀਂ ਹੈ।

ਇਹਨੂੰ ਤੁਸੀਂ ਜੋੜ ਨਹੀ ਸਕਦੇ। ਇਹ ਸਭ ਲੋਕ ਜਿਹੜੇ ਇਦਾਂ ਕਰਨ ਦਾ ਯਤਨ ਕਰਦੇ ਹਨ, ਤੇ ਕਹਿੰਦੇ ਹਨ ਕਿ ਉਹਨਾਂ ਦੇ ਗਿਰਜੇ ਦੋਸ਼ਰਹਿਤ ਅਤੇ *ਇਹ* ਸਭ। ਇਹ ਗੰਦੇ, ਵਚਨ ਤੋੜ, ਆਸ਼ਕ, ਅਧਮੋਏ, ਲਾਓਦੀਕੀਏ, ਅੱਕਿਦੇ ਵਾਲੇ ਪਰ ਉਹ ਸੱਚੇ ਨਹੀਂ ਹਨ। ਐਥੋਂ ਤੋੜੀ ਕਿ ਪਿਲਾਤੁਸ ਨੇ, ਜੋ ਉਹਦਾ ਦੁਸ਼ਮਣ ਸੀ, ਕਿਹਾ, "ਕਿ ਮੈਨੂੰ ਉਹਦੇ ਵਿੱਚ ਕੋਈ ਦੋਸ਼ ਨਹੀਂ ਦਿਸਦਾ।" ਉਹਦੇ ਆਪਣੇ ਦੁਸ਼ਮਣ ਨੇ ਗਵਾਹੀ ਦਿੱਤੀ, ਕਿ ਉਹਦੇ ਵਿੱਚ ਕੋਈ ਦੋਸ਼ ਨਹੀਂ ਸੀ। ਤੁਸੀਂ ਉਹਦੇ ਉੱਤੇ ਕੋਈ ਪਾਪ ਲਾ ਨਹੀਂ ਸਕਦੇ।

70 ਉਹਨੇ ਆਪਣੇ ਸਮੇਂ ਦੇ ਜਾਜਕਾਂ ਨੂੰ ਆਖਿਆ, "ਤੁਹਾਡੇ ਵਿੱਚੋਂ ਕੌਣ ਮੇਰੇ ਵਿੱਚ ਪਾਪ ਸਾਬਤ ਕਰੇਗਾ? ਕੌਣ ਵਿਖਾ ਸਕਦਾ ਹੈ ਕਿ ਮੈਂ ਪਾਪੀ ਹਾਂ?"

ਹੁਣ ਦੱਸੋ ਕਿਹੜੀ ਕਲੀਸੀਆ ਹੈ ਜਿਹੜੀ ਆਖ ਸਕੇ ਭਈ ਅਸਾਂ ਤਾਂ ਕਦੇ ਪਾਪ ਕੀਤਾ ਹੀ ਨਹੀਂ। ਜੇ ਸੱਚ ਪੁੱਛੋ, ਤਾਂ ਉਹਨਾਂ ਵਿੱਚ ਘੱਟ ਹੀ ਕੋਈ ਹੋਊ, ਜਿਨ ਕਤਲ ਨਾ ਕੀਤਾ ਹੋਵੇ, ਜਾਂ ਇਹੋ ਜਿਹੇ ਪਾਪ ਜਿਹੜੇ ਧਰਤੀ ਤੇ ਘੱਟ ਹੀ ਹੋਏ ਹੋਣ ਨਾ ਕਿਤੇ ਹੋਣ। ਅਤੇ ਅਜੇ ਵੀ ਆਪਣੇ ਆਪ ਨੂੰ ਆਖਦੇ ਹਨ...ਨਾ ਭਈ ਪਰਮੇਸ਼ਵਰ ਦੀ ਉਪਾਸਨਾ ਵਾਸਤੇ, ਮਿਲਣ ਵਾਲੀ ਥਾਂ ਕਿਸੇ ਅੱਕਿਦੇ ਜਾਣ ਮਿਸ਼ਨ ਵਿੱਚ ਹੋ ਹੀ ਨਹੀਂ ਸਕਦੀ।

71 ਮੇਰੇ ਸੱਜਣੋ, ਮੇਰਾ ਦ੍ਰਿਸ਼ਟੀਕੋਣ ਹਿਰਦਿਆਂ ਨੂੰ ਦੁਖੀ ਕਰਨਾ ਨਹੀਂ ਹੈ, ਪਰ ਮੈਂ ਸੰਦੇਸ਼ ਦੇਣ ਲਈ ਜਿੰਮੇਦਾਰ ਹਾਂ, ਅਤੇ, ਉਹ ਸੰਦੇਸ਼ ਹੈ, "ਜੋ ਤੁਸੀਂ ਇਸ ਮਿਸ਼ਨਾਂ ਦੇ ਗੋਤ ਕਨਾਲੇ ਤੋਂ ਬਾਹਰ ਆ ਜਾਓ!" ਜੇ ਮੈਂ ਤੁਹਾਨੂੰ ਬਾਹਰ ਨਿਕਲਣ ਲਈ ਆਖਿਆ ਹੈ, ਤਾਂ ਮੈਂ ਤੁਹਾਨੂੰ ਕਿੱਥੇ ਲੈ ਜਾਵਾਂਗਾ? ਕੀ ਮੈਂ ਤੁਹਾਨੂੰ ਬ੍ਰਾਨਹਮ

ਡੇਰੇ ਵਿੱਚ ਲੈ ਜਾਵਾਂਗਾ? ਇਹ ਤਾਂ ਉਦਾਂ ਦੀ ਹੀ ਗਲਤੀ ਹੋਵੇਗੀ ਜਿਦਾਂ ਦੀ ਬਾਕੀ ਕਰਦੇ ਹਨ।

ਪਰ ਇੱਕ ਥਾਂ ਹੈ ਜਿੱਥੇ ਮੈਂ ਤੁਹਾਨੂੰ ਲੈ ਜਾ ਸਕਦਾ ਹਾਂ, ਜਿੱਥੇ ਤੁਸੀਂ ਮੌਤ ਤੋਂ ਸੁਖਾਵੇ ਅਤੇ ਸੁਰੱਖਿਅਤ ਰਹਿ ਸਕਦੇ ਹੋ, ਉਹ ਥਾਂ ਯਿਸੂ ਮਸੀਹ ਵਿੱਚ ਹੈ, ਜੋ ਪਰਮੇਸ਼ਵਰ ਦੀ ਭਗਤੀ ਦਾ ਥਾਂ ਹੈ। ਅਤੇ ਉਹੋ ਹੀ ਇੱਕ ਥਾਂ ਹੈ ਜਿਹਦੀ ਵਾਕਬੀ ਮੈਂ, ਅੱਜ ਰਾਤ, ਤੁਹਾਨੂੰ ਕਰਵਾਉਂਦਾ ਹਾਂ, ਜਿੱਥੇ ਪਰਮੇਸ਼ਵਰ ਨੇ ਆਪਣਾ ਨਾਮ ਧਰਿਆ ਹੋਇਆ ਹੈ। ਉੱਥੇ ਉਸਨੇ ਮਿਲਣ ਦੀ ਉਸ ਹਰ ਉਪਾਸਕ ਨਾਲ ਪ੍ਰਤਿਗਿਆ ਕੀਤੀ ਹੋਈ ਹੈ, ਉਹ ਉਹਦੇ ਨਾਲ ਉਪਾਸਨਾ ਕਰੇਗਾ ਅਤੇ ਉਹਦੇ ਨਾਲ ਖੁਸ਼ੀ ਕਰੇਗਾ, ਜੋ ਮਸੀਹ ਵਿੱਚ ਹੈ; ਕਿਸੇ ਕਲੀਸੀਆ ਵਿੱਚ ਨਹੀਂ, ਕਿਸੇ ਡੇਰੇ ਵਿੱਚ ਨਹੀਂ।

ਪਰ, ਮਸੀਹ ਵਿੱਚ, ਉਹ ਪਰਮੇਸ਼ਵਰ ਦਾ ਡੇਰਾ ਹੈ। ਉਹ ਹੀ ਥਾਂ ਹੈ ਜਿੱਥੇ ਪਰਮੇਸ਼ਵਰ ਨੇ ਡੇਰਾ ਕੀਤਾ, ਅਤੇ ਉਹਦੇ ਵਿੱਚ ਵਾਸ ਕੀਤਾ। "ਇਹ ਮੇਰਾ ਪਿਆਰਾ ਪੁੱਤਰ ਹੈ, ਜਿਹਦੇ ਵਿੱਚ ਵਾਸ ਕਰਕੇ ਮੈਂ ਖੁਸ਼ ਹਾਂ।" ਇਹ ਹੀ ਉਹ ਥਾਂ ਹੈ ਜਿੱਥੇ ਉਹਨੇ ਡੇਰਾ ਕੀਤਾ, ਤੇ ਆਪਣਾ ਨਾਮ ਲਿਆਂਦਾ ਅਤੇ ਯਿਸੂ ਮਸੀਹ ਵਿੱਚ ਰੱਖ ਦਿੱਤਾ। ਇਸ ਲਈ, ਉਹਦਾ ਨਾਮ ਮਨੁੱਖ ਦੇ ਵਿੱਚ ਰੱਖਿਆ ਗਿਆ, ਉਹਦਾ ਪੁੱਤਰ, ਯਿਸੂ ਮਸੀਹ, ਜਿਹਦੇ ਵਿੱਚ ਉਹਨੇ ਆਣ ਕੇ ਡੇਰਾ ਕੀਤਾ। ਉਸ ਡੇਰੇ ਦਾ ਨਮੂਨਾ।

ਜਿੱਥੇ, ਯਰੂਸ਼ਲਮ ਵਿੱਚ, ਇੱਕ ਡੇਰਾ ਸੀ। ਤੇ ਉਹਦੇ ਵਿੱਚ ਉਹ ਪੁਰਾਣੇ ਪਰਬ ਮਨਾਏ ਜਾਂਦੇ ਸਨ ਤੇ ਪੁਰਾਣਾ ਮੰਦਰ, ਇੱਕ ਨਮੂਨਾ ਸੀ; ਜਦ ਉਹ ਮੰਦਰ ਧੂੰਏ ਨਾਲ ਭਰ ਗਿਆ, ਜਿਸ ਘੜੀ ਨੇਮ ਦਾ ਸੰਦੂਕ ਅੰਦਰ ਆਇਆ, ਤੇ ਟਿਕ ਗਿਆ ਤੇ ਇਸ ਦੇ ਅੰਦਰੋਂ ਪਰਮੇਸ਼ਵਰ ਦੀ ਅਵਾਜ ਸੁਣੀ ਗਈ।

ਇਸੇ ਤਰ੍ਹਾਂ ਹੀ ਪਰਮੇਸ਼ਵਰ ਦੀ ਆਵਾਜ, ਇਸ ਯਿਸੂ ਮਸੀਹ ਰੂਪੀ ਡੇਰੇ ਵਿੱਚੋਂ, ਆਉਂਦੀ ਸੁਣੀ ਗਈ; ਜੋ ਕਿ ਪੁਰਾਣਾ (ਭੌਤਿਕ) ਨਵੇਂ ਡੇਰੇ ਦਾ ਨਮੂਨਾ ਤੇ ਪਰਛਾਵਾਂ ਸੀ। ਅਤੇ ਜਦ ਉਹ ਮਸੀਹ ਵਿੱਚ ਆ ਗਿਆ, ਉਹਨੇ ਕਿਹਾ, "ਇਹ ਮੇਰਾ ਪਿਆਰਾ ਪੁੱਤਰ ਹੈ, ਜਿਹਦੇ ਵਿੱਚ ਵਾਸ ਕਰਕੇ ਮੈਂ ਖੁਸ਼ ਹਾਂ। ਮੈਂ ਇੱਕ ਥਾਂ ਚੁਣਾਂਗਾ ਜਿੱਥੇ ਮੈਂ ਆਪਣਾ ਨਾਂ ਰੱਖਾਂਗਾ, ਜਿੱਥੇ ਮੈਂ ਮਨੁੱਖ ਨੂੰ ਮਿਲਾਂਗਾ, ਜਿੱਥੇ ਮੈਂ ਉਪਾਸਨਾ ਕਰਾਂਗਾ।" ਪਰਮੇਸ਼ਵਰ ਨੇ ਉਹ ਥਾਂ ਚੁਣੀ; ਕਿਸੇ ਕਲੀਸੀਆ ਜਾਂ ਮਿਸ਼ਨ ਵਿੱਚ ਨਹੀਂ, ਪਰ ਯਿਸੂ ਮਸੀਹ ਵਿੱਚ। ਹਾਂ ਸ਼੍ਰੀਮਾਨ ਜੀ।

72 ਜਰੂਰੀ ਹੈ ਕਿ ਉਹ "ਬੱਜ ਤੋਂ ਰਹਿਤ ਹੋਵੇ," ਤੇ ਜਿਵੇਂ ਮੈਂ ਕਿਹਾ ਹੈ। ਕੋਈ ਫਿਰਕਾਪ੍ਰਸਤੀ ਇਸ ਦਾ ਦਾਵਾ ਨਹੀਂ ਕਰ ਸਕਦੀ। ਜੇ ਉਹ ਕਰਦੇ ਹਨ; ਤਾਂ ਉਹ ਮਸੀਹ ਵਿਰੋਧੀ ਹਨ।

73 ਤੇ ਇੱਥੇ ਅਸੀਂ ਫਿਰ ਵੇਖਦੇ ਹਾਂ, ਉਸੇ ਦਾ ਹੀ ਪਰਛਾਵਾਂ। ਲੇਲੇ—ਲੇਲੇ ਨੂੰ ਰੱਖ ਛੱਡਣਾ ਸੀ। ਹੁਣ, ਜੇ ਤੁਸੀਂ ਇਹਦੇ ਤੇ ਨਿਸ਼ਾਨੀ ਲਾ ਰਹੇ ਹੋ ਤਾਂ ਇਹ ਤੁਹਾਨੂੰ ਕੂਚ ਦੇ 12 ਵੇ ਅਧਿਆਏ ਦੀ 3 ਤੋਂ 6 ਆਇਤ ਵਿੱਚ ਮਿਲੇਗਾ। ਲੇਲਾ ਚਾਰ ਦਿਨ ਤਕ ਰੱਖ ਕੇ, ਪਰਖਿਆ ਜਾਵੇ, ਕਿ ਉਹ ਬਲੀ ਚੜਾਉਣ ਦੇ ਯੋਗ ਹੈ ਜਾਂ ਨਹੀਂ। ਲੈ ਕੇ, ਉਹ ਬਾਰ ਬਾਰ ਪਰਖਿਆ ਜਾਵੇ, ਚਾਰ ਦਿਨ, ਕਿ ਉਹਦੇ ਵਿੱਚ ਕੋਈ ਬੱਜ ਹੈ ਜਾਂ ਨਹੀਂ, ਵੇਖਿਆ ਜਾਵੇ ਕਿ ਉਹਦੇ ਵਿੱਚ ਕੋਈ ਬਿਮਾਰੀ ਹੈ ਜਾਂ ਨਹੀਂ ਜਾਂ ਲੇਲੇ ਵਿੱਚ ਕੋਈ ਮਾੜੀ ਗੱਲ ਤਾਂ ਨਹੀਂ। ਇਹਨੂੰ ਜਰੂਰ ਚਾਰ ਦਿਨ ਤਕ ਰੱਖੀ ਛੱਡਣਾ।

74 ਹੁਣ ਧਿਆਨ ਦਿਓ। ਸ਼ਾਇਦ ਕੋਈ ਜਣੇ ਨੇ ਇਹ ਸੋਚਿਆ ਹੋਵੇ ਕਿ ਇਹ ਤਾਂ ਮਾੜੀ ਮੋਟੀ ਗੱਲ ਹੈ। ਉਹਨੇ ਤਾਂ 14 ਵੇਂ ਦਿਨ ਵੱਡੇ ਹੀ ਜਾਣਾ ਹੈ। ਪਰ, ਤੁਹਾਨੂੰ ਯਾਦ ਹੈ, ਕਿ ਉਹਨਾਂ ਮਹੀਨੇ ਦੇ ਦੱਸਵੇਂ ਦਿਨ ਲੇਲੇ ਨੂੰ ਲਿਆ, ਅਤੇ ਮਹੀਨੇ ਦੇ ਚੋਦਵੇ ਦਿਨ ਲੇਲੇ ਨੂੰ ਕੱਟਣਾ ਹੁੰਦਾ ਸੀ, ਵੇਖਿਆ, ਜੋ ਕਿ ਚਾਰ ਦਿਨ ਤਕ ਰੱਖਿਆ ਜਾਂਦਾ ਸੀ।

75 ਹੁਣ ਯਿਸੂ ਜੋ ਪਰਮੇਸ਼ਵਰ ਦੇ ਨਾਮ ਦਾ ਲੇਲਾ ਹੈ, ਉਹ ਯਰੁਸ਼ਲਮ ਵਿੱਚ ਗਿਆ ਫਿਰ ਉਹ ਆਪਣੇ ਮਰਨ, ਦਫ਼ਨ ਅਤੇ ਜੀ ਉੱਠਣ ਤਕ ਕਦੇ ਵੀ ਬਾਹਰ ਨਾ ਆਇਆ। ਉਹ ਚਾਰ ਦਿਨ ਅਤੇ ਰਾਤਾਂ ਨਿੰਦਕਾਂ ਦੇ ਅਧੀਨ ਰਿਹਾ। ਤੇ ਇਹ ਲੇਲੇ ਦਾ ਕਿੰਨਾਂ ਢੁਕਵਾਂ ਨਮੂਨਾ ਸੀ, ਚਾਰ ਦਿਨ ਤਕ ਰਾਖਵਾਂ ਰਿਹਾ। ਤੇ ਤਦ ਪਿਲਾਤੁਸ ਨੇ ਆਖਿਆ, "ਮੈਨੂੰ ਇਹਦੇ ਅੰਦਰ ਕੋਈ ਦੋਸ਼ ਨਹੀਂ ਲੱਭਦਾ।"

76 ਤੇ ਇੱਕ ਹੋਰ ਉਸੇ ਦਾ ਪਰਛਾਵਾਂ ਵੇਖੋ, ਉਹਦੀ ਕੋਈ ਹੱਡੀ ਤੋੜੀ ਨਾ ਜਾ ਸਕੀ, ਜੋ ਕਿ ਠੀਕ ਇਦਾਂ ਹੀ ਹੋਇਆ, ਬਲੀਦਾਨ ਨੂੰ ਚੜਾਉਂਦਿਆਂ। ਉਹ ਉਹਦੀ ਹੱਡੀ ਨਾ ਤੋੜ ਸਕੇ। ਜੇ ਹੱਡੀ ਤੋੜੀ ਜਾਵੇ, ਤਾਂ ਉਹ ਰੱਦ ਦਿੱਤਾ ਜਾਂਦਾ ਸੀ। ਉਹਨਾਂ ਨੇ ਤਾਂ ਹਥੌੜਾ ਚੁੱਕ ਹੀ ਲਿਆ ਸੀ ਤਾਂ ਜੋ ਉਹ ਮਸੀਹ ਦੀਆਂ ਲੱਤਾਂ ਦੀਆਂ ਹੱਡੀਆਂ ਨੂੰ ਤੋੜ ਦੇਣ, ਜਦ ਉਹਨਾਂ ਕਿਹਾ, "ਉਹ ਤਾਂ ਪਹਿਲਾਂ ਹੀ ਮਰ ਚੁੱਕਾ ਹੈ।" ਉਹਨਾਂ ਉਹਦੀ ਪਸਲੀ ਵਿੰਨੀ ਤੇ ਵੇਖਿਆ ਜੋ ਲਹੂ ਤੇ ਪਾਣੀ ਵਗ ਨਿਕਲਿਆ ਹੈ।

77 ਇੱਥੇ ਇੱਕ ਹੋਰ ਮਹਾਨ ਗੱਲ ਵੇਖੋ। ਮੈਂ ਇਸਨੂੰ ਅੱਖੋਂ ਉਹਲੇ ਨਹੀਂ ਕਰਾਂਗਾ, ਕਿਉਂਕਿ ਉਹ ਚੜਾਵਾ, ਚੜਾਵੇ ਦੀ ਰੋਟੀ ਵਿੱਚ ਹੀ ਦਰਸ਼ਾਇਆ ਗਿਆ ਹੈ।

ਮੈਨੂੰ ਚੇਤੇ ਆਉਂਦਾ ਹੈ ਕਿ ਕਿਸੇ ਸਮੇਂ ਉਹਨਾਂ ਬਾਈਬਲ ਦੀ ਸਿਖਲਾਈ ਦਾ ਇੱਕ ਸਕੂਲ ਖੋਲਿਆ, ਜਿਸਦਾ ਨਾਂ ਸੀ ਨਬੀਆਂ ਦੀ ਪਾਠਸ਼ਾਲਾ ਤੇ ਸੱਚ ਹੀ ਉਹ ਪਾਠਸ਼ਾਲਾ ਸੀ। ਸਾਨੂੰ ਪਤਾ ਲੱਗਦਾ ਹੈ ਕਿ ਇੱਕ ਦਿਨ ਉਤਾਂਹ ਉੱਥੇ ਆਲੀਸ਼ਾ ਸਕੂਲ ਵਿੱਚ ਗਿਆ, ਉਹਨਾਂ ਕਿਹਾ, "ਅਸੀਂ..." ਉਹਦੇ ਅੱਗੇ ਬੇਨਤੀ ਕੀਤੀ ਕਿ ਭਾਈ ਤੂੰ ਚਲਿਆ ਜਾ, ਕਿਹਾ, "ਕਿਉਂਕਿ ਜਦੋਂ ਤੂੰ ਆਉਂਦਾ ਹੈਂ ਤਾਂ ਸਿੱਧੀਆਂ ਵਾਹੁੰਦਾ ਹੈਂ।" ਇਸ ਲਈ ਉਹਨਾਂ ਚਾਹਿਆ ਜੋ ਉਹ ਚਲਿਆ ਜਾਵੇ।

ਉਹ ਉਹਦੇ ਲਈ ਖਾਣਾ ਲੈਣ ਵਾਸਤੇ ਗਏ। ਇੱਕ ਜਾਜਕਾਂ ਦਾ ਜਾਂ ਕੁਝ ਨਬੀਆਂ ਦਾ ਟੋਲਾ, ਉਹਦਾ ਖਾਣਾ ਤਿਆਰ ਕਰਨ ਲਈ, ਥੋੜ੍ਹੇ ਮਟਰ ਲੈਣ ਗਏ। ਜਦੋਂ ਉਹ ਗਏ, ਤਾਂ ਉਹ ਉਹਨਾਂ ਦੀ ਵੱਡੀ ਝੋਲੀ ਭਰ ਲਿਆਏ; ਅਤੇ ਜਦ ਉਹ ਵਾਪਿਸ ਆਏ ਤਾਂ ਇਹ ਜੰਗਲੀ ਵੇਲ ਸੀ, ਜਿਹੜੀ ਕਿ ਨਿਰਾ ਜਹਿਰ ਸੀ, ਉਹਨਾਂ ਨੇ ਉਹ ਦੇਗ ਵਿੱਚ ਪਾ ਦਿੱਤੀ। ਤੇ ਦੇਗ ਨੇ ਉਬਲਣਾ ਸ਼ੁਰੂ ਕੀਤਾ, ਤੇ ਉਹਨਾਂ ਵਿੱਚੋਂ, ਕਿਸੇ ਨੇ ਕਿਹਾ, "ਹਾਏ, ਦੇਗ ਵਿੱਚ ਤਾਂ ਮੌਤ ਹੈ। ਹੁਣ ਤਾਂ ਅਸੀਂ ਇਹਨੂੰ ਖਾ ਵੀ ਨਹੀਂ ਸਕਦੇ।"

ਅਤੇ ਏਲੀਯਾਹ ਨੇ ਕਿਹਾ, "ਇੱਕ ਮੁੱਠ ਆਟਾ ਲਿਆਓ।" ਅਤੇ ਉਹਨੇ ਆਟਾ ਲਿਆ ਅਤੇ ਦੇਗ ਵਿੱਚ ਪਾ ਦਿੱਤਾ, ਅਤੇ ਕਿਹਾ, "ਖਾਓ। ਦੇਗ ਹੁਣ ਚੰਗੀ ਹੋ ਗਈ ਹੈ।"

78 ਚੜ੍ਹਾਵੇ ਦੀ ਰੋਟੀ ਮਸੀਹ ਸੀ। ਹਰੇਕ ਬਰਾੜ ਉਸੇ ਹੀ ਤਰ੍ਹਾਂ ਹੁੰਦੀ ਹੈ, ਹਰੇਕ ਚੱਕੀ ਨੇ ਤੇ ਹਰੇਕ ਦਾਣਾ ਜੋ ਪਿਸਿਆ ਜਾਂਦਾ ਹੈ, ਉਹਨੇ ਚੜ੍ਹਾਵੇ ਦੀ ਰੋਟੀ ਨੂੰ ਹੀ ਵਿਖਾਉਣਾ ਸੀ। ਵਿਖਾਉਣਾ ਸੀ, ਕਿ, ਉਹੋ ਹੀ ਨਰੋਇਆ ਕਰਨ ਵਾਲਾ ਹੈ। ਤੇ ਮੌਤ ਉਠਾ ਲੈ ਜਾਂਦਾ ਹੈ ਤੇ ਜੀਵਨ ਉਸ ਦੀ ਥਾਂ ਤੇ ਦੇ ਜਾਂਦਾ ਹੈ; ਦੋ ਬਿਵਸਥਾਵਾਂ ਦੇ ਰਾਹੀਂ। ਹਾਲੇਲੂਯਾਹ! ਜਿੱਥੇ ਮੌਤ ਨੇ ਥਾਂ ਮੱਲੀ ਹੋਈ ਸੀ, ਜਦ ਉੱਥੇ ਮਸੀਹ ਆ ਜਾਂਦਾ ਹੈ ਤਾਂ ਜੀਵਨ ਅੰਦਰ ਆ ਜਾਂਦਾ ਹੈ। ਉਹ ਅੱਜ, ਕਲ, ਤੇ ਯੁਗੋਂ ਯੁੱਗ ਇੱਕੋ ਜਿਹਾ ਹੈ। ਜਿੱਥੇ ਪਹਿਲਾਂ ਮੌਤ ਨੇ ਡੇਰੇ ਲਾ ਰੱਖੇ ਸਨ, ਉੱਥੇ ਜੀਵਨ ਆ ਬਿਰਾਜਿਆ, ਕਿਉਕਿ ਮਸੀਹ ਅੰਦਰ ਲਿਆਂਦਾ ਗਿਆ ਜੋ ਕਿ ਚੜ੍ਹਾਵੇ ਦੀ ਰੋਟੀ ਸੀ।

79 ਜੇ ਅਸੀਂ ਸਮਾਂ ਲੈ ਕੇ ਇਹਨਾਂ ਗੱਲਾਂ ਦਾ ਖੁਲਾਸਾ ਕਰੀਏ ਤਾਂ ਇਹ ਕਿੰਨਾਂ ਵੱਡਾ ਸਬਕ ਸਾਡੇ ਲਈ ਹੋਵੇਗਾ! ਤੇ ਹੁਣ ਧਿਆਨ ਦਿਓ ਕਿ ਪਰਛਾਵਿਆਂ ਦਾ ਇੱਕ ਹੀ ਸ਼ਬਦ ਨਿਸਫਲ ਨਹੀਂ ਹੁੰਦਾ। ਪਰਛਾਵੇਂ ਦਾ ਕੋਈ ਵੀ ਸ਼ਬਦ ਨਿਸਫਲ ਨਹੀਂ ਹੋਇਆ। ਹਰ ਗੱਲ ਦਾ ਨਮੂਨਾ ਸੰਪੂਰਨ ਸੀ।

ਉਹ ਪਰਮੇਸ਼ਵਰ ਦੀ ਭਗਤੀ ਵਾਸਤੇ ਚੁਣੀ ਹੋਈ ਥਾਂ ਹੈ, ਤੇ ਉਹਨੂੰ ਪਰਮੇਸ਼ਵਰ ਦਾ ਨਾਂ ਦਿੱਤਾ ਗਿਆ ਹੈ। ਉਹ ਪਰਮੇਸ਼ਵਰ ਦੀ ਭਗਤੀ ਵਾਸਤੇ ਚੁਣੀ ਹੋਈ ਥਾਂ ਹੈ, ਤੇ ਉਹਨੂੰ ਪਰਮੇਸ਼ਵਰ ਦਾ ਨਾਂ ਦਿੱਤਾ ਗਿਆ ਹੈ। ਉਹ ਪਰਮੇਸ਼ਵਰ ਦਾ ਸ਼ਬਦ ਹੈ, ਅਤੇ ਪਰਮੇਸ਼ਵਰ ਦਾ ਨਾਮ ਹੈ। ਉਹ ਪਰਮੇਸ਼ਵਰ ਦਾ ਸ਼ਬਦ ਤੇ ਪਰਮੇਸ਼ਵਰ ਦਾ ਨਾਮ ਦੋਵੇਂ ਹੀ ਹੈ। "ਉਹ ਸ਼ਬਦ ਦੇਹਧਾਰੀ ਹੋਇਆ।" ਉਹ ਪਰਮੇਸ਼ਵਰ ਦਾ ਸ਼ਬਦ ਸੀ, ਪਰਮੇਸ਼ਵਰ ਦਾ ਨਾਂ ਸੀ, ਪਰਮੇਸ਼ਵਰ ਦਾ ਲੇਲਾ ਸੀ, ਅਤੇ ਉਹ ਪਰਮੇਸ਼ਵਰ ਸੀ। ਇਹੋ ਕੁਝ ਹੀ ਉਹ ਸੀ, ਪਰਮੇਸ਼ਵਰ ਦੀ ਭਗਤੀ ਵਾਸਤੇ ਚੁਣੀ ਹੋਈ ਸਿਰਫ਼ ਇੱਕੋ ਇੱਕ ਥਾਂ।

80 ਯਿਸੂ ਮਸੀਹ ਨੂੰ ਛੱਡ ਕੇ ਬਾਕੀ ਸਭ ਥਾਵਾਂ ਨੂੰ ਪਰਮੇਸ਼ਵਰ ਰੱਦਦਾ ਹੈ; ਤੇ ਤੁਸੀਂ ਹੋਰ ਕਿਤੇ ਵੀ ਉਹਦੀ ਭਗਤੀ ਨਹੀਂ ਕਰ ਸਕਦੇ। ਉਹਨੇ ਕਿਹਾ, "ਉਹ ਵਿਅਰਥ ਮੈਤਰਿਓ ਭਗਤੀ ਕਰਦੇ ਹਨ ਕਿਉਂ ਜੋ ਉਹ ਪਰਮੇਸ਼ਵਰ ਦੀ ਸਿੱਖਿਆ ਦੀ ਥਾਂ ਆਦਮੀ ਦੇ ਹੁਕਮ ਸਿਖਾਉਂਦੇ ਹਨ।" ਅੱਜ ਸਾਡੇ ਕੋਲ ਅੱਕਿਦੇ ਤੇ ਮੱਤ ਸਿਧਾਂਤ ਅਤੇ ਹਰ ਚੀਜ ਹੈ, ਜੋ ਇਹ ਸਿਖਾਉਂਦੇ ਹਨ, ਮਾਰਗ ਤਾਂ *ਇਹ* ਹੈ ਜਾਂ *ਉਹ* ਹੈ।

ਅਤੇ ਯਿਸੂ ਨੇ ਕਿਹਾ, "ਰਾਹ ਤੇ ਸਚਿਆਈ ਅਤੇ ਜੀਵਨ ਮੈਂ ਹਾਂ, ਅਤੇ ਕੋਈ ਮੇਰੇ ਵਸੀਲੇ ਤੋਂ ਬਿਨਾਂ ਪਰਮੇਸ਼ਵਰ ਦੇ ਕੋਲ ਨਹੀਂ ਆ ਸਕਦਾ।" ਦੂਜੇ ਸ਼ਬਦਾਂ ਵਿੱਚ, "ਭੇਡਾਂ ਦੇ ਵਾੜੇ ਦਾ ਬੂਹਾ ਮੈਂ ਹਾਂ। ਤੇ ਬਾਹਰਲੇ ਸਭ ਚੋਰ ਹਨ।" ਉਹੀ ਇਕੱਲਾ ਰਾਸਤਾ ਹੈ। ਉਹ ਬੂਹਾ ਹੈ। ਉਹ ਮਾਰਗ ਹੈ, ਉਹ ਸਚਿਆਈ, ਅਤੇ ਜੀਵਨ ਹੈ। ਤੇ ਹੋਰ ਜੋ ਕੁਝ ਵੀ ਹੈ; ਇੱਕੋ ਇੱਕ ਫਾਟਕ, ਇੱਕੋ ਇੱਕ ਜਗ੍ਹਾ, ਇੱਕੋ ਇੱਕ ਭਗਤੀ, ਇੱਕੋ ਇੱਕ ਨਾਮ।

ਹਰੇਕ ਚੀਜ ਯਿਸੂ ਮਸੀਹ ਦੇ ਨਾਲ ਬੱਝੀ ਹੋਈ ਹੈ। ਸਾਰੇ ਦਾ ਸਾਰਾ ਪੁਰਾਣਾ ਨੇਮ ਉਹਦੇ ਨਾਲ ਬੱਝਿਆ ਹੋਇਆ ਹੈ। ਅਤੇ ਨਵਾਂ ਨੇਮ ਯਿਸੂ ਮਸੀਹ ਨਾਲ ਬੱਝਾ ਹੋਇਆ ਹੈ। ਤੇ ਅੱਜ ਕਲੀਸੀਆ ਵੀ ਉਹਦੇ ਹੁਕਮਾਂ ਦੇ ਵਚਨ ਦੇ ਦੁਆਰਾ, ਉਸੇ ਨਾਲ ਵੀ ਬੱਝੀ ਹੋਈ ਹੈ। ਹੋਰ ਦੂਜੀ ਥਾਂ ਨਹੀਂ, ਹੋਰ ਦੂਜਾ ਨਾਮ ਨਹੀਂ, ਅਤੇ ਨਾ ਹੀ ਹੋਰ ਕਿਤੇ ਪਰਮੇਸ਼ਵਰ ਨੇ ਮਨੁੱਖ ਨੂੰ ਮਿਲਣ ਦਾ ਵਾਦਾ ਕੀਤਾ ਹੈ; ਕੇਵਲ ਯਿਸੂ ਮਸੀਹ ਵਿੱਚ, ਜਿਹੜੀ ਉਹਦੀ ਚੁਣੀ ਹੋਈ ਭਗਤੀ ਦੀ ਥਾਂ ਹੈ।

81 ਧਿਆਨ ਦਿਓ, ਕਿ ਪਰਮੇਸ਼ਵਰ ਨੇ ਆਪਣੇ ਭਗਤਾਂ ਦੇ ਮਿਲਣ ਨੂੰ ਇੱਕੋ ਇੱਕ ਥਾਂ ਦੀ ਪਰਤਿਗਿਆ ਕੀਤੀ ਹੋਈ ਹੈ, ਤੇ ਇਹ ਉਸਦੀ ਆਪਣੀ ਚੋਣ ਹੈ; ਸਾਡੀ ਚੋਣ ਦੀ ਨਹੀਂ, ਤੇ ਨਾ ਹੀ ਸਾਡੀ ਸੋਚ ਦੀ; ਪਰ ਉਹਦੀ ਆਪਣੀ ਸੋਚ ਦੇ ਅਨੁਸਾਰ, ਆਪਣੀ ਚੋਣ ਦੇ ਅਨੁਸਾਰ। ਇਹ ਉਹ ਥਾਂ ਹੈ ਜਿੱਥੇ ਉਹਨੇ

ਆਪਣਾ ਨਾਮ ਰੱਖਿਆ, ਜਿਹਨੂੰ ਉਹਨੇ ਚੁਣਿਆ। ਸਾਨੂੰ ਪਤਾ ਲੱਗ ਗਿਆ ਹੈ ਕਿ ਉਹਦਾ ਨਾਮ ਕੀ ਸੀ, ਅਤੇ ਉਹਦੀ ਚੋਣ ਕੀ ਸੀ, ਉਹਦੀ ਆਪਣੀ ਚੋਣ ਦੇ ਅਨੁਸਾਰ।

82 ਸਾਨੂੰ ਉਹ ਥਾਂ ਲੱਭ ਗਈ ਹੈ ਜਿੱਥੇ ਉਹਨੇ ਆਪਣਾ ਨਾਮ ਧਰਿਆ ਹੈ, ਤੇ ਉਹ, ਮਸੀਹ ਯਿਸੂ ਹੈ, ਹੋਰ ਕੋਈ ਦੂਜੀ ਥਾਂ ਨਹੀਂ, ਹੋਰ ਕੋਈ ਨਾਮ ਨਹੀਂ। ਕੀ ਤੁਹਾਡੀ ਇਸ ਗੱਲ ਤੋਂ ਨਿਸ਼ਾ ਅਤੇ ਤਸੱਲੀ ਹੋ ਗਈ ਹੈ? ਤਾਂ ਆਖੋ, "ਆਮੀਨ।" [ਸਭਾ ਆਖਦੀ ਹੈ, "ਆਮੀਨ"—ਸੰਪਾ] ਹੁਣ ਗੱਲ ਇਹ ਹੈ ਕਿ ਜੇ ਅਸੀਂ ਲੱਭ ਲਈਏ ਕਿ ਉਹ ਥਾਂ ਕਿੱਥੇ ਹੈ...ਭਗਤੀ ਕਰਨ ਦੀ ਥਾਂ ਦੀ ਪ੍ਰਵਾਨਗੀ ਹੋਰ ਕਿਤੇ ਨਹੀਂ ਦਿੱਤੀ ਗਈ, ਸਿਰਫ਼ ਮਸੀਹ ਦੇ ਵਿੱਚ।

ਤੁਸੀਂ ਤੌਬਾ ਕਰ ਸਕਦੇ ਹੋ, ਤੁਸੀਂ ਉਹ ਕਰ ਸਕਦੇ ਹੋ ਪਰ ਅਜੇ ਤੁਸੀਂ ਭਗਤੀ ਨਹੀਂ ਕਰ ਰਹੇ। ਤੁਸੀਂ ਤਾਂ ਮਾਫ਼ੀ ਮੰਗ ਰਹੇ ਹੋ। ਪਤਰਸ ਨੇ ਕਿਹਾ...

ਪੈਂਤੀਕੁਸੱਤ ਦੇ ਦਿਨੀਂ ਜਦ ਉਹਨਾਂ ਨੇ ਉਹਨਾਂ ਸਭਨਾਂ ਨੂੰ ਗੈਰ ਜੁਬਾਨਾਂ ਬੋਲਦੇ, ਤੇ ਵੱਡੇ ਵੱਡੇ ਅਚੰਭੇ ਅਤੇ ਨਿਸ਼ਾਨਾਂ ਨੂੰ ਪ੍ਰਗਟ ਹੁੰਦੇ ਵੇਖਿਆ, ਉਹਨਾਂ ਨੇ ਹੱਸਣਾ ਸ਼ੁਰੂ ਕੀਤਾ, ਕਲੀਸੀਆ ਨੇ ਕੀਤਾ, ਅਤੇ ਕਿਹਾ, "ਇਹ ਮਨੁੱਖ ਨਵੀਂ ਮੈਂ ਨਾਲ ਮਤਵਾਲੇ ਹਨ, ਇਹ..." ਕੁੰਵਾਰੀ ਮਰੀਯਮ, ਤੇ ਉਹ ਸਭ, ਰੱਲ ਕੇ, ਕੋਈ ਇੱਕ ਸੌ ਵੀਹ ਦੀ ਜਮਾਤ ਸੀ। ਤੇ ਉਹ ਮਸਤਾਨਿਆਂ ਵਾਂਗ ਲੜ ਖੜਾ ਰਹੇ ਸਨ, ਅਤੇ ਗੈਰਜੁਬਾਨਾਂ ਬੋਲਦੇ ਹੋਏ, ਅਗਾਂਹ ਵੱਧ ਰਹੇ ਸਨ। ਉਹਨਾਂ ਆਖਿਆ, "ਇਹ ਮਨੁੱਖ ਤਾਂ ਨਵੀਂ ਮੈਂ ਦੇ ਨਸ਼ੇ ਵਿੱਚ ਹਨ।"

83 ਪਰ ਪਤਰਸ ਨੇ, ਖੜ੍ਹੇ ਹੋ ਕੇ ਆਖਿਆ, "ਹੇ ਭਾਇਓ, ਇਹ ਮਨੁੱਖ ਨਵੀਂ ਮੈਂ ਦੇ ਨਸ਼ੇ ਵਿੱਚ ਨਹੀਂ ਹਨ, ਕਿਉਂਕਿ ਅਜੇ ਤਾਂ ਦਿਨ ਦਾ ਤੀਜਾ ਪਹਿਰ ਹੈ। ਪਰ ਇਹ ਤਾਂ ਉਹ ਗੱਲ ਪੂਰੀ ਹੋ ਰਹਿ ਹੈ ਜਿਹੜੀ ਜੋਏਲ ਨਬੀ ਨੇ ਆਖੀ ਸੀ, 'ਪਰਮੇਸ਼ਵਰ ਕਹਿੰਦਾ ਹੈ ਕਿ ਅੰਤਲੇ ਦਿਨਾਂ ਵਿੱਚ ਇਉਂ ਹੋਵੇਗਾ, ਮੈਂ ਆਪਣਾ ਆਤਮਾ ਸਾਰੇ ਸ਼ਰੀਰਾਂ ਉੱਤੇ ਵਹਾ ਦਿਆਂਗਾ; ਤੁਹਾਡੇ ਪੁੱਤਰ ਅਤੇ ਤੁਹਾਡੀਆਂ ਧੀਆਂ ਅਗੰਮਵਾਕ ਕਰਗੀਆਂ; ਮੈਂ ਆਪਣੇ ਦਾਸਾਂ ਅਤੇ ਦਾਸੀਆਂ ਉੱਤੇ ਆਪਣਾ ਆਤਮਾ ਵਹਾਵਾਂਗਾ। ਅਤੇ ਮੈਂ ਉਤਾਂਹ ਆਕਾਸ਼ ਵਿੱਚ ਅਚੰਭੇ ਆਰ ਹੇਠਾਂ ਧਰਤੀ ਤੇ; ਨਿਸ਼ਾਨ, ਲਹੂ ਅਤੇ ਅਗਨ ਦੇ ਧੂੰਏ ਦੇ ਬਦਲ ਵਿਖਾਵਾਂਗਾ। ਇਉਂ ਹੋਵੇਗਾ, ਪ੍ਰਭੂ ਦੇ ਵੱਡੇ ਅਤੇ ਭਿਆਨਕ ਦਿਨ ਦੇ ਆਉਣ ਤੋਂ ਪਹਿਲਾਂ, ਜਿਹੜਾ ਪ੍ਰਭੂ ਦਾ ਨਾਮ ਲਵੇਗਾ ਉਹ ਬਚਾਇਆ ਜਾਵੇਗਾ।'"

84 ਜਦ ਉਹਨਾਂ ਇਹ ਸੁਣਿਆ, ਉਹਨਾਂ ਦੇ ਦਿਲ ਛਿਦ ਗਏ, ਅਤੇ ਆਖਿਆ, "ਭਾਇਓ, ਅਸੀਂ ਕਰੀਏ?"

85 ਪਤਰਸ ਨੇ ਕਿਹਾ, “ਤੌਬਾ ਕਰੋ, ਅਤੇ ਤੁਹਾਡੇ ਵਿੱਚੋਂ ਹਰੇਕ ਯਿਸੂ ਮਸੀਹ ਦੇ ਨਾਮ ਵਿੱਚ ਬਪਤੀਸਮਾ ਲਵੇ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ, ਤਾਂ ਤੁਸੀਂ ਪਵਿੱਤਰ ਆਤਮਾ ਦਾ ਦਾਨ ਪਾਓਗੇ। ਕਿਉਂਕਿ ਇਹ ਕਰਾਰ ਭਵਿੱਖਕਾਲ ਦੀਆਂ ਸਭ ਪੀੜ੍ਹੀਆਂ ਦੇ ਲਈ ਹੈ।” ਹੁਣ ਸਾਨੂੰ ਇਸ ਗੱਲ ਦਾ ਪਤਾ ਲੱਗਦਾ ਹੈ ਕਿ

86 ਅਸੀਂ ਕਿਵੇਂ ਮਸੀਹ *ਵਿੱਚ* ਸੰਮੀਲਿਤ ਹੁੰਦੇ ਹਾਂ। ਕਿਵੇਂ ਅਸੀਂ ਭਗਤੀ ਦੀ ਥਾਂ ਵਿੱਚ ਵੜਦੇ ਹਾਂ? 1 ਕੁਰਿੰਥੀਆਂ 12 ਅਧਿਆਏ ਇਸ ਗੱਲ ਦਾ ਨਬੇੜਾ ਕਰਦਾ ਹੈ, ਕਿਉਂ ਜੋ, “ਇੱਕ ਹੀ ਆਤਮਾ ਤੋਂ!” ਕਿਸੇ ਇੱਕ ਕਲੀਸੀਆ ਤੋਂ ਨਹੀਂ, ਨਾ ਕਿਸੇ ਇੱਕ ਕਿਦੇ ਤੋਂ, ਕਿਸੇ ਪਾਸਬਾਨ ਤੋਂ ਨਹੀਂ, ਨਾ ਕਿਸੇ ਨਿਗਾਹਬਾਨ ਤੋਂ, ਨਾ ਹੀ ਕਿਸੇ ਜਾਜਕ ਤੋਂ ਹੀ। ਪਰ, “ਇੱਕ ਹੀ ਪਵਿੱਤਰ ਆਤਮਾ ਤੋਂ ਸਾਨੂੰ ਇੱਕ ਦੇਹ ਵਿੱਚ ਰਲਣ ਦਾ ਬਪਤੀਸਮਾ ਦਿੱਤਾ ਗਿਆ ਹੈ,” ਜੋ ਕਿ ਯਿਸੂ ਮਸੀਹ ਦੀ ਦੇਹ ਹੈ, ਹਰੇਕ ਦਾਤ ਉਹਦੇ ਅਧੀਨ ਹੈ ਜਿਹੜਾ ਉਸ ਦੇਹ ਵਿੱਚ ਪਾਇਆ ਜਾਂਦਾ ਹੈ। ਹਾਂ, ਸ਼੍ਰੀਮਾਨ ਜੀ! ਕਿਤੇ ਰਲਣ ਦੀ ਲੋੜ ਨਹੀਂ, ਤੇ ਨਾ ਹੀ ਅੱਕੀਂਦਿਆਂ ਦਾ ਪਾਠ ਕਰਨ ਦੀ ਲੋੜ ਹੈ, ਫੁੱਲਣ ਦੀ ਲੋੜ ਨਹੀਂ, ਨੀਵਾਂ ਹੋਣਾ, ਦਸਤਪੰਜਾ ਕਰਨਾ ਤੇ ਨਾ ਹੀ ਕੁਝ ਹੋਰ ਕਾਸੇ ਦੀ ਲੋੜ ਹੈ। ਪਰ ਨਵੇਂ ਜਨਮ ਦੇ ਦੁਆਰਾ ਅਸੀਂ ਯਿਸੂ ਮਸੀਹ ਦੀ ਦੇਹ ਵਿੱਚ ਰਲਦੇ ਹਾਂ! ਆਮੀਨ। “ਇੱਕੋ ਹੀ ਪਵਿੱਤਰ ਆਤਮਾ ਦੇ ਦੁਆਰਾ ਅਸੀਂ ਸਭ ਇੱਕੋ ਹੀ ਦੇਹ ਵਿੱਚ ਸ਼ਾਮਿਲ ਹੁੰਦੇ ਹਾਂ।”

87 ਅਤੇ ਉਹ ਦੇਹ ਕੀ ਹੈ? “ਆਦ ਵਿੱਚ ਸ਼ਬਦ ਸੀ, ਸ਼ਬਦ ਪਰਮੇਸ਼ਵਰ ਦੇ ਸੰਗ ਸੀ, ਅਤੇ ਸ਼ਬਦ ਪਰਮੇਸ਼ਵਰ ਸੀ। ਅਤੇ ਸ਼ਬਦ ਦੇਹਧਾਰੀ ਹੋਇਆ ਤੇ ਸਾਡੇ ਵਿੱਚ ਵਾਸ ਕੀਤਾ।” ਕਿਵੇਂ ਅਸੀਂ ਉਸ ਦੇਹ ਵਿੱਚ ਹੋਈਏ ਅਤੇ ਇਸ ਦੇ ਵਚਨ ਦੇ ਇਨਕਾਰੀ ਹੋ ਸਕਦੇ ਹਾਂ, ਜਾਂ ਇਹਨੂੰ ਕਿਸੇ ਹੋਰ ਜਗ੍ਹਾ ਤੇ ਰੱਖੀਏ ਕਿ ਇਹ ਦੇਹ ਵਿੱਚ ਹੈ ਹੀ ਨਹੀਂ? ਅਸੀਂ ਇਹ ਕਿਵੇਂ ਕਰ ਸਕਦੇ ਹਾਂ? ਪਰਮੇਸ਼ਵਰ ਦਾ ਚੁਣਿਆ ਹੋਇਆ ਥਾਂ!

88 ਧਿਆਨ ਦਿਓ, ਅਤੇ ਜਦ ਤੁਹਾਡਾ ਸੱਚਾ ਬਪਤੀਸਮਾ ਹੋ ਜਾਂਦਾ ਹੈ, ਉਸ ਗੱਲ ਦਾ ਸੱਚਾ ਸਬੂਤ ਇਹ ਹੈ ਕਿ ਤੁਸੀਂ ਉਹਦੇ ਉੱਤੇ ਤੇ ਉਹਦੇ ਵਚਨ ਉੱਤੇ ਨਿਹਚਾ ਕਰਦੇ ਹੋ।

ਤੁਸੀਂ ਉਹਦਾ ਹਿੱਸਾ ਬਣ ਕੇ ਤੇ ਕਿਵੇਂ ਉਹਦਾ ਇੰਨਕਾਰ ਕਰ ਸਕਦੇ ਹੋ? ਮੈਂ ਆਪਣੇ ਹੱਥ ਨੂੰ ਮੇਰਾ ਹੋਣ ਤੋਂ ਕਿਵੇਂ ਮੁਕਰ ਸਕਦਾ ਹਾਂ? ਜੇ ਮੈਂ…ਜੇ ਮੈਂ ਇਸ ਤਰ੍ਹਾਂ ਕਰਦਾ ਹਾਂ ਤਾਂ ਜਰੂਰ ਮੇਰੇ ਦਿਮਾਗ ਵਿੱਚ ਕੋਈ ਨੁਕਸ ਹੈ। ਤੇ ਕਿਵੇਂ ਮੈਂ ਕਰ ਸਕਦਾ ਹਾਂ? ਜੇ ਮੈਨੂੰ ਕੋਈ ਦਿਮਾਗੀ ਨੁਕਸ ਹੈ, ਤਾਂ ਮੈਂ ਆਪਣੇ ਹੱਥ ਅਤੇ

ਪੈਰ ਤੋਂ ਮੁਕਰ ਸਕਦਾ ਹਾਂ, ਕਿ ਇਹ ਮੇਰੇ ਨਹੀਂ ਹਨ, ਤਾਂ ਜਰੂਰ ਫਿਰ ਉਸ ਨਿਹਚਾਵਾਨ ਦੇ ਨਾਲ ਆਤਮਿਕ ਤੌਰ ਤੇ ਕੋਈ ਨੁਕਸ ਹੈ ਜਿਹੜਾ ਪਰਮੇਸ਼ਵਰ ਦੇ ਆਖੇ ਹੋਏ ਜਾਂ ਵਾਦਾ ਕੀਤੇ ਹੋਏ ਇੱਕ ਵਚਨ ਦਾ ਇਨਕਾਰੀ ਹੈ। ਤੇ ਉਸ ਅਖੌਤੀ ਜਿਹੇ ਪ੍ਰਤੀਤਵਾਨ ਨਾਲ ਜਰੂਰ ਕੋਈ ਆਤਮਿਕ ਨੁਕਸ ਹੈ।

89 ਤੁਸੀਂ ਉਹਦੇ ਇੱਕ ਵੀ ਅੱਖਰ ਨੂੰ ਨਹੀਂ ਮੁਕਰ ਸਕਦੇ, ਕਿਉਂਕਿ ਤੁਸੀਂ ਤਾਂ ਉਸੇ ਦੇ ਹੀ ਭਾਗ ਬਣ ਗਏ ਹੋ। ਤੁਸੀਂ ਪਰਮੇਸ਼ਵਰ ਦਾ ਹਿੱਸਾ ਹੋ, ਤੁਸੀਂ ਉਹਦੇ ਵਿੱਚ ਸ਼ਾਮਿਲ ਹੋ ਗਏ ਹੋ; ਪਵਿੱਤਰ ਆਤਮਾ ਦੇ ਦੁਆਰਾ ਜਿਹਨੇ ਤੁਹਾਨੂੰ ਯਿਸੂ ਮਸੀਹ ਦੀ ਦੇਹ ਵਿੱਚ ਲਿਆਂਦਾ ਹੈ। ਕਿੰਨੀ ਸੋਹਣੀ ਗੱਲ ਹੈ!

90 ਪਰਮੇਸ਼ਵਰ ਦੇ ਕੋਲ ਮਿਲਣ ਲਈ ਇੱਕ ਖਾਸ ਥਾਂ ਸੀ, ਉਹ ਅਬਰਾਹਾਮ ਨੂੰ ਮਿਲਿਆ—ਮਿਲਿਆ, ਅਤੇ ਉੱਥੇ ਅਬਰਾਹਾਮ ਨੇ ਭਗਤੀ ਕੀਤੀ। ਤੇ ਨੇਮ ਦੀਆਂ ਸਾਰੀਆਂ ਲਿਖਤਾਂ ਵਿੱਚ ਇਦਾਂ ਹੀ ਆਇਆ ਹੈ!

ਅਤੇ ਉਹਦੇ ਵਚਨ ਦੇ ਵਾਦੇ ਦਾ ਵਚਨ ਤੁਹਾਡੇ ਵਿੱਚ ਪਰਮੇਸ਼ਵਰ ਦੇ ਦੁਆਰਾ, ਅਨੁਵਾਦ ਕੀਤਾ ਜਾਵੇਗਾ। ਕੀ ਤੁਹਾਨੂੰ ਇਹਦੀ ਲੱਗੀ? ਉਹ ਵਚਨ ਜਿਸ ਦਿਨ ਵਿੱਚ ਤੁਸੀਂ ਰਹਿ ਰਹੇ ਹੋ ਪੂਰਾ ਕਰਨ ਦਾ ਵਾਦਾ ਕੀਤਾ ਹੈ: ਤੁਸੀਂ ਪਰਮੇਸ਼ਵਰ ਦੀ ਜਿਉਂਦੀ ਪੱਤਰੀ ਹੋਵੋਂਗੇ, ਜਿਹਨੂੰ ਸਭ ਮਨੁੱਖ ਪੜ੍ਹਨ। ਉਹ ਨਹੀਂ ਜਿਸਦਾ ਤੁਸੀਂ ਦਾਵਾ ਕਰਦੇ ਹੋ, ਪਰ ਉਹ ਕੰਮ ਜਿਹੜੇ ਪਰਮੇਸ਼ਵਰ ਤੁਹਾਡੇ ਵਿੱਚੋਂ ਦੀ ਕਰੇਗਾ, ਉਹਦੇ ਨਾਲੋਂ ਵਧੀਕ ਉੱਚਾ ਬੋਲਣਗੇ, ਜੋ ਤੁਸੀਂ ਦਾਵਾ ਕਰਦੇ ਹੋ। ਪਰਮੇਸ਼ਵਰ ਨੇ ਕਿਹਾ, "ਨਿਹਚਵਾਨਾਂ ਦੇ ਦਰਮਿਆਨ ਇਹ ਨਿਸ਼ਾਨ ਹੋਣਗੇ।" ਉਹ ਤੁਹਾਡੇ ਵਿੱਚੋਂ ਦੀ ਬੋਲਦੇ ਹਨ।

91 ਉਹਨੇ ਇਸ ਯੁੱਗ ਦੇ ਬਾਰੇ ਬੋਲਿਆ, ਕਿ ਹੁਣ ਕੀ ਹੋਵੇਗਾ। ਇਸ ਯੁੱਗ ਦੇ ਨਿਹਚਾਵਾਨਾਂ ਨੇ ਉਹਦਾ ਯਕੀਨ ਕਰਨਾ ਹੈ, ਤੇ ਅੱਜ ਉਹਨੇ ਕੀ ਵਾਦਾ ਕੀਤਾ ਹੈ। ਬਿਲਕੁਲ ਉਦਾਂ ਹੀ ਜਿਵੇਂ ਉਹਨਾਂ ਨੂੰ ਬਚਣ ਲਈ, ਕਿਸ਼ਤੀ ਦੇ ਉੱਤੇ ਚੜ੍ਹਨਾ; ਤੇ ਮਿਸਰ ਦੇ ਵਿੱਚੋਂ ਬਾਹਰ ਨਿਕਲਣਾ ਸੀ; ਉਹਨਾਂ ਨੂੰ ਬਚਣ ਲਈ ਯਿਸੂ ਮਸੀਹ ਦੇ ਵਿੱਚ ਆਉਣਾ ਹੈ, ਵਚਨ ਦੇ ਸੰਦੇਸ਼ ਵਿੱਚ ਕਿ ਯਿਸੂ ਮਸੀਹ ਅੱਜ, ਕਲ, ਅਤੇ ਯੁਗੋਂ ਯੁੱਗ ਇੱਕੋ ਜਿਹਾ ਹੈ।

92 ਤੁਸੀਂ ਇਸ ਵਿੱਚ ਕਿਵੇਂ ਪ੍ਰਵੇਸ਼ ਕਰਦੇ ਹੋ? ਬਪਤੀਸਮੇ ਦੇ ਦੁਆਰਾ! ਕਾਹਦਾ ਬਪਤੀਸਮਾ, ਪਾਣੀ ਦਾ? ਪਵਿੱਤਰ ਆਤਮਾ ਦੇ ਦੁਆਰਾ! "ਇੱਕ ਹੀ ਆਤਮਾ ਦੇ ਬਪਤੀਸਮੇ ਦੁਆਰਾ ਅਸੀਂ ਸਭ ਇੱਕ ਦੇਹ ਹੋਣ ਦਾ ਬਪਤੀਸਮਾ ਪਾਉਂਦੇ ਹਾਂ।"

93 ਉਹਦਾ ਪਰਤਿਗਿਆ ਵਾਲਾ ਵਚਨ, ਤੁਹਾਨੂੰ...ਉਹਦਾ ਅਨੁਵਾਦ ਕਰਨ ਦੀ ਲੋੜ ਨਹੀਂ। ਉਹ ਤੁਹਾਡੇ ਵਿੱਚੋਂ ਦੀ ਇਹਦਾ ਅਨੁਵਾਦ ਕਰੇਗਾ; ਤੁਸੀਂ ਕੀ

ਕਰ ਰਹੇ ਹੋ ਤੇ ਉਹਨੇ ਤੁਹਾਡੇ ਨਾਲ ਕੀ ਕਰਨ ਦਾ ਵਾਦਾ ਕੀਤਾ ਹੈ। ਕਲੀਸੀਆ ਜੋ ਉਹਦੀ ਪੈੜ ਤੇ ਚਲਦੀ ਹੈ ਕੁਝ ਐਨੀ ਕੁ ਉਹਦੇ ਵਰਗੀ ਹੋਵੇਗੀ ਭਈ ਲੋਕਾਂ ਨੂੰ ਆਪ ਹੀ ਪਤਾ ਲੱਗ ਜਾਵੇਗਾ।

ਪਤਰਸ ਤੇ ਯੂਹੰਨਾ ਦੀ ਵੱਲ ਵੇਖੋ ਜਦ ਉਹਨਾਂ ਤੇ ਪ੍ਰਸ਼ਨ ਕੀਤਾ ਗਿਆ ਕਿ ਕਿਵੇਂ ਉਸ ਸੁੰਦਰ ਫਾਟਕ ਵਾਲੇ ਲੰਘੜੇ ਨੂੰ ਚੰਗਾ ਕੀਤਾ। ਤੇ ਉਹਨਾਂ ਕਿਹਾ, "ਉਹਨਾਂ ਨੂੰ ਇੰਝ ਜਾਪਿਆ," ਕਿ ਜਿਵੇਂ ਇਹ ਮੌਜਮਾ ਇਹਨਾਂ ਜਾਜਕਾਂ ਨੇ ਕੀਤਾ ਹੈ, "ਕਿਉਂਕਿ ਇਹ ਦੋਵੇਂ ਤਾਂ ਅਗਿਆਨੀ ਅਤੇ ਅਨਪੜ੍ਹ ਮਨੁੱਖ ਸਨ।" ਪਰ ਉਹਨਾਂ ਨੇ ਧਿਆਨ ਦਿੱਤਾ ਕਿ ਇਹ ਯਿਸੂ ਦੇ ਨਾਲ ਰਹੇ ਹਨ। ਕਿਉਂਕਿ, (ਕਿਹੜੀ ਗੱਲੋਂ?) ਉਹ ਵੀ ਉਹੋ ਹੀ ਕੰਮ ਕਰ ਰਹੇ ਸਨ ਜੋ ਯਿਸੂ ਨੇ ਕੀਤੇ।

94 ਜਿਵੇਂ ਉਹਦੇ ਲਈ ਜਰੂਰੀ ਸੀ ਕਿ ਉਹ ਆਪਣੇ ਪਿਤਾ ਦੇ ਕੰਮ ਕਰੇ। ਅਤੇ ਉਸੇ ਤਰ੍ਹਾਂ ਅੱਜ ਵੀ ਹੋਣਾ ਚਾਹੀਦਾ ਹੈ।

95 ਹੁਣ, ਯਾਦ ਰੱਖੋ, ਉਹ ਅੱਜ, ਕਲ, ਅਤੇ ਯੁਗੋਂ ਯੁੱਗ ਇੱਕੋ ਜਿਹਾ ਹੈ; ਕਿਉਂਕਿ ਪਰਮੇਸ਼ਵਰ ਤੁਹਾਨੂੰ ਉਹਦੇ ਵਿੱਚ ਹੀ ਮਿਲਦਾ ਹੈ, ਤੇ ਉਹੋ ਹੀ ਇੱਕੋ ਥਾਂ ਹੈ; ਉਹੋ ਹੀ ਥਾਂ ਪਰਮੇਸ਼ਵਰ ਨੇ ਆਪਣਾ ਨਾਮ ਰੱਖਣ ਲਈ, ਚੁਣੀ ਹੈ। ਤੇ ਉਹ "ਯਿਸੂ" ਵਿੱਚ ਹੈ। ਯਾਦ ਰੱਖੋ, ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਤਾਂ "ਯਿਸੂ ਮਸੀਹ" ਦੇ ਨਾਮ ਦੇ ਅਹੁਦੇ ਹਨ।

96 ਜਦ ਮੱਤੀ ਨੇ ਕਿਹਾ, "ਜਾਓ ਤੇ ਜਾ ਕੇ ਸਾਰੀਆਂ ਕੌਮਾਂ ਨੂੰ ਸਿਖਾਓ, ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤੀਸਮਾ ਦਿਓ।"

ਕਿਵੇਂ ਅੱਜ ਇਸ ਆਇਤ ਦਾ ਗਲਤ ਤਰਜਮਾ ਕੀਤਾ ਗਿਆ ਹੈ, ਤੇ ਆਖਦੇ ਹਨ, "ਪਿਤਾ ਦੇ ਨਾਮ ਵਿੱਚ, ਪੁੱਤਰ ਦੇ ਨਾਮ ਵਿੱਚ, ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ।" ਇਹ ਗੱਲ ਤਾਂ ਇੰਝ ਲਿਖੀ ਵੀ ਨਹੀਂ ਗਈ। ਇਹ ਤਾਂ "ਨਾਮ ਵਿੱਚ," ਇੱਕ ਵਚਨ, "ਪਿਤਾ ਪੁੱਤਰ ਅਤੇ ਪਵਿੱਤਰ ਆਤਮਾ ਦਾ ਹੈ।" *ਪਿਤਾ* ਨਾਮ ਨਹੀਂ ਹੈ, *ਪੁੱਤਰ* ਨਾਮ ਨਹੀਂ ਹੈ, *ਪਵਿੱਤਰ ਆਤਮਾ* ਨਾਮ ਨਹੀਂ ਹੈ; ਇਹ ਤਾਂ ਖਿਤਾਬ ਹੈ।

ਦਸਾਂ ਦਿਨਾਂ ਦੇ ਬਾਅਦ, ਪਤਰਸ ਨੇ ਖੜ੍ਹੇ ਹੋ ਕੇ ਆਖਿਆ, "ਤੋਬਾ ਕਰੋ, ਅਤੇ ਤੁਹਾਡੇ ਵਿੱਚੋਂ ਹਰੇਕ ਯਿਸੂ ਮਸੀਹ ਦੇ ਨਾਮ ਵਿੱਚ ਬਪਤੀਸਮਾ ਲਵੇ।" ਫਿਰ ਉਹਨੇ ਉਹ ਕੰਮ ਕੀਤਾ ਜਿਹੜਾ ਉਸ ਨੇ ਕਰਨ ਲਈ ਨਹੀਂ ਕਿਹਾ ਸੀ? ਉਹਨੇ ਉਹ ਕੰਮ ਕੀਤਾ ਜਿਹੜਾ ਉਹ ਨੇ ਕਰਨ ਲਈ ਕਿਹਾ ਸੀ। ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦਾ ਨਾਮ "ਪ੍ਰਭੂ ਯਿਸੂ ਮਸੀਹ" ਹੈ। ਹਰੇਕ ਵਿਅਕਤੀ ਨੂੰ ਨਵੇਂ ਨੇਮ ਵਿੱਚ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤੀਸਮਾ ਦਿੱਤਾ ਗਿਆ ਹੈ।

97 ਅਤੇ ਪਵਿੱਤਰ ਬਾਈਬਲ ਵਿੱਚ ਇੱਕ ਵੀ ਵਿਅਕਤੀ ਨੂੰ ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ ਦੇ ਖਿਤਾਬ ਵਿੱਚ ਕਦੇ ਵੀ ਬਪਤੀਸਮਾ ਨਹੀਂ ਦਿੱਤਾ ਗਿਆ। ਇਹ ਗੱਲ ਤਦ ਤਕ ਹੋਂਦ ਵਿੱਚ ਨਾ ਆਈ ਜਦ ਤਕ ਕਿ ਨਿਸਿਆ ਸ਼ਹਿਰ ਰੋਮ ਦੇਸ਼ ਵਿੱਚ ਨਿਸਿਆ ਅੱਕੀਦਾ ਨਾ ਘੜਿਆ ਗਿਆ। ਇਹ ਅਸੂਲ ਜਾਂ ਢੰਗ ਤਰੀਕਾ ਤਾਂ ਰੋਮਨ ਕੈਥੋਲਿਕ ਕਲੀਸੀਆ ਦਾ ਸੀ, ਤੇ ਬਾਅਦ ਵਿੱਚ ਸਵਾਲ ਜਵਾਬ ਦੀ ਸਿਖਲਾਈ ਪੋਥੀਆਂ ਵਿੱਚੋਂ, ਦੀ ਸਾਬਤ ਹੋਇਆ। ਮੇਰੇ ਕੋਲ ਉਹ ਪੋਥੀਆਂ ਹਨ ਜਿਹਦਾ ਸਿਰਲੇਖ ਹੈ, *ਫੈਕਟਸ ਔਫ ਅਵਰ ਫੇਥ* ਵਗੈਰਾ ਵਗੈਰਾ ਕਿ ਇਹ ਬਿਲਕੁਲ ਰੋਮਨ ਕੈਥੋਲਿਕ ਅੱਕੀਦਾ ਹੈ। ਉਹ ਤੁਹਾਨੂੰ ਦੱਸਣਗੇ ਕਿ ਇਹ ਪਵਿੱਤਰ ਬਾਈਬਲ ਵਿੱਚ ਤਾਂ ਨਹੀਂ ਹੈ; ਪਰ ਉਹ ਆਖਦੇ ਹਨ ਕਿ ਉਹਨਾਂ ਦੇ ਕੋਲ ਅਧਿਕਾਰ ਹੈ ਕਿ ਜੇ ਉਹ ਚਾਹੁਣ ਤਾਂ ਪੋਪ ਦੀ ਵਜਾਹ ਨਾਲ ਇਹਨਾਂ ਸ਼ਬਦਾਂ ਨੂੰ ਬਦਲ ਸਕਦੇ ਹਨ। ਮੈਂ ਉਹਨਾਂ ਤੋਂ ਵੱਖਰਾ ਹਾਂ।

ਯਿਸੂ ਮਸੀਹ ਅੱਜ, ਕਲ, ਅਤੇ ਯੁਗੋਂ ਯੁੱਗ ਇੱਕੋ ਜਿਹਾ ਹੈ। ਯਿਸੂ ਨੇ ਕਿਹਾ, "ਜੋ ਇਸ ਪਵਿੱਤਰ ਬਾਈਬਲ ਵਿੱਚ ਇੱਕ ਵੀ ਸ਼ਬਦ ਘਟਾਵੇ," "ਜਾਂ ਵਧਾਵੇ, ਤਾਂ ਉਹਦਾ ਹਿੱਸਾ ਜੀਵਨ ਦੀ ਪੋਥੀ ਵਿੱਚੋਂ ਕੱਢ ਦਿੱਤਾ ਜਾਵੇਗਾ।" ਇੱਕ ਸ਼ਬਦ; ਇੱਕ ਵਾਕ ਨਹੀਂ, ਇੱਕ ਪਹਿਰਾ ਨਹੀਂ ਪਰ ਇੱਕ ਸ਼ਬਦ! "ਜੋ ਕੋਈ ਵੀ ਇੱਕ ਸ਼ਬਦ ਘਟਾਵੇ..."

98 ਮੁੱਢੋਂ ਹੀ, ਪਰਮੇਸ਼ਵਰ ਆਪਣੇ ਵਚਨ ਨਾਲ ਆਪਣੇ ਲੋਕਾਂ ਦੀ ਢਾਲ ਬਣਿਆ। ਪਰਮੇਸ਼ਵਰ ਦੇ ਵਚਨ ਦੇ ਇੱਕ ਸ਼ਬਦ ਦੀ ਗਲਤ ਵਿਆਖਿਆ ਤੋਂ ਹਰ ਮੌਤ ਪ੍ਰਗਟ ਹੋਈ। ਦਿਲ ਦੀ ਦਰਦ, ਅਤੇ ਹਰ ਰੰਜ ਪੈਦਾ ਹੋਇਆ। ਹਵਾਹ ਨੇ, ਉਸਨੇ ਇੱਕ ਵਾਕ ਨਹੀਂ ਤੋੜਿਆ; ਇੱਕ ਸ਼ਬਦ ਤੋੜਿਆ। ਯਿਸੂ ਪੁਸਤਕ ਦੇ ਵਿਚਕਾਏ ਆਇਆ...ਇਹ ਤਾਂ ਪੁਸਤਕ ਦਾ ਆਰੰਭ ਸੀ।

ਅਤੇ ਜਦ ਯਿਸੂ ਪੁਸਤਕ ਦੇ ਵਿਚਕਾਏ ਆਇਆ, ਤਾਂ ਉਹਨੇ ਕੀ ਕਿਹਾ? "ਇਹ ਲਿਖੀ ਹੋਇਆ ਹੈ ਕਿ ਮਨੁੱਖ ਕੇਵਲ ਰੋਟੀ ਨਾਲ ਹੀ ਨਹੀਂ ਜਿਉਂਦਾ ਰਹੇਗਾ, ਪਰ ਹਰੇਕ ਵਚਨ ਦੇ ਨਾਲ ਜਿਹੜਾ ਪਰਮੇਸ਼ਵਰ ਦੇ ਮੂੰਹੋਂ ਨਿਕਲਦਾ ਹੈ।"

ਪੁਸਤਕ ਦੇ ਅੰਤ ਵਿੱਚ, ਪ੍ਰਕਾਸ਼ ਦੀ ਪੋਥੀ 22 ਵਾਂ ਅਧਿਆਏ, ਉਹਦੀ 18 ਆਇਤ, ਬਾਈਬਲ ਦਾ ਠੀਕ ਆਖੀਰਲਾ ਹਿੱਸਾ, ਯਿਸੂ ਖੁਦ ਬੋਲਦਾ ਹੈ, ਤੇ ਕਿਹਾ, "ਮੈਂ ਸਾਖੀ ਦਿੰਦਾ ਹਾਂ, ਕਿ ਜੇ ਕੋਈ ਮਨੁੱਖ ਇਸ ਪੁਸਤਕ ਵਿੱਚੋਂ ਇੱਕ ਵੀ ਸ਼ਬਦ ਘਟਾਵੇ, ਜਾਂ ਇੱਕ ਵੀ ਸ਼ਬਦ ਵਧਾਵੇ, ਤਾਂ ਉਹਦਾ ਹਿੱਸਾ ਜੀਵਨ ਦੀ ਪੁਸਤਕ ਵਿੱਚੋਂ ਕੱਢ ਦਿੱਤਾ ਜਾਵੇਗਾ।" ਕਿਉਂਕਿ ਉਹ ਝੂਠਾ ਨਬੀ ਹੈ। ਤੇ

ਉਹਨਾਂ ਲੋਕਾਂ ਅੱਗੇ ਗਲਤ ਵਿਆਖਿਆ ਕੀਤੀ ਹੈ। ਇਸ ਤਰ੍ਹਾਂ ਕਰਨ ਵਾਸਤੇ ਉਹਨਾਂ ਦੇ ਲਹੂ ਦਾ ਲੇਖਾ, ਉਹਦੇ ਹੱਥਾਂ ਉੱਤੇ ਹੋਵੇਗਾ।

99 ਸਾਨੂੰ ਉਸ ਭਗਤੀ ਦੀ ਇੱਕੋ ਹੀ ਥਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਅਰਥਾਤ, ਯਿਸੂ ਮਸੀਹ ਦੀ ਜੋ ਅੱਜ, ਕਲ, ਅਤੇ ਯੁਗੋਂ ਯੁੱਗ ਇੱਕੋ ਜਿਹਾ ਹੈ। ਆਮੀਨ। ਠੀਕ ਹੈ। ਯਾਦ ਰੱਖੋ, ਭਗਤੀ ਵਾਸਤੇ ਮਿਲਣ ਦੀ ਕੋਈ ਦੂਜੀ ਥਾਂ ਨਹੀਂ ਹੈ, ਕੋਈ ਵੀ ਥਾਂ ਨਹੀਂ, ਪਰਮੇਸ਼ਵਰ ਨੇ ਇਹਨੂੰ ਚੁਣਿਆ ਹੈ।

100 ਯੂਹੰਨਾ ਨੂੰ ਵੇਖੋ, ਜੋ ਕਿ ਪੁਰਾਣੇ ਅਤੇ ਨਵੇਂ ਦੇ ਬੱਝਣ ਦੇ ਸਮੇਂ ਤੇ ਸੀ। ਧਿਆਨ ਪੂਰਵਕ ਸੁਣੋ। ਧਿਆਨ ਨਾਲ ਵੇਖੋ। ਯੂਹੰਨਾ, ਉਹ ਵੱਡਾ ਸਾਰਾ ਉਕਾਬ, ਜਿਹੜਾ ਕਿ ਉਜਾੜ ਵਿੱਚੋਂ ਇੱਕ ਦਿਨ ਉੱਡ ਕੇ ਆਇਆ, ਵੱਡੇ ਵੱਡੇ ਖੰਭ ਫੈਲੇ ਹੋਏ। ਉਹ ਯਰਦਨ ਨਦੀ ਦੇ ਕੰਢੇ ਆ ਬੈਠਾ, ਉਹ ਵੱਡਾ ਉਕਾਬ ਨਬੀ ਜਿਹਨੇ ਪੁਰਾਣੇ ਅਤੇ ਨਵੇਂ ਨੇਮ ਦੇ ਜੋੜਨ ਦਾ ਪੂਲ ਬੱਧਾ, ਅਤੇ ਉਹਨੇ ਉਹਨਾਂ ਨੂੰ ਸੱਜਿਓਂ ਅਤੇ ਖੱਬਿਓਂ ਬੁਲਾਇਆ। ਉਹ ਤੌਬਾ ਦੇ ਦਿਨ ਦਾ ਸੱਦਾ ਦੇ ਰਿਹਾ ਸੀ।

ਤਦ ਫਰੀਸੀ ਤੇ ਸਦੂਕੀ ਵੀ ਨਿਕਲ ਕੇ ਆਏ; ਤੇ ਉਹਨੇ ਕਿਹਾ, "ਆਪਣੇ ਆਪ ਵਿੱਚ ਇਹ ਕਹਿਣਾ ਸ਼ੁਰੂ ਨਾ ਕਰੋ, 'ਸਾਡਾ ਪਿਤਾ ਅਬਰਾਹਾਮ ਹੈ,' ਕਿਉਂਕਿ ਮੈਂ ਤੁਹਾਨੂੰ ਦੱਸਦਾ ਹਾਂ ਕਿ ਪਰਮੇਸ਼ਵਰ ਅਬਰਾਹਾਮ ਦੇ ਲਈ ਇਹਨਾਂ ਪੱਥਰਾਂ ਵਿੱਚੋਂ ਸੰਤਾਂ ਪੈਦਾ ਕਰਨ ਦੇ ਯੋਗ ਹੈ।" ਉਏ, ਮੇਰੇ ਪ੍ਰਭੂ!

ਜਦ ਉਹਨੇ ਆਪਣਾ ਸੁਸਮਾਚਾਰ ਪ੍ਰਚਾਰ ਕਰਨਾ ਤੇ ਇਹ ਕਹਿਣਾ ਸ਼ੁਰੂ ਕੀਤਾ, "ਤੁਹਾਡੇ ਦਰਮਿਆਨ ਇੱਕ ਖੜ੍ਹਾ ਹੈ, ਜਿਹਨੂੰ ਤੁਸੀਂ ਨਹੀਂ ਜਾਣਦੇ। ਮੈਂ ਅਜੇ ਉਹਨੂੰ ਪਛਾਣਿਆ ਤਾਂ ਨਹੀਂ, ਪਰ ਜਦ ਉਹ ਆਵੇਗਾ ਤਾਂ ਮੈਂ ਉਹਨੂੰ ਜਾਣ ਲਵਾਂਗਾ। ਮੈਂ ਉਹਦੇ ਬੂਟ ਦਾ ਤਸਮਾ ਖੋਲ੍ਹਣ ਦੇ ਯੋਗ ਨਹੀਂ। ਪਰ ਉਹ ਤੁਹਾਨੂੰ ਅੱਗ ਅਤੇ ਪਵਿੱਤਰ ਆਤਮਾ ਨਾਲ ਬਪਤੀਸਮਾ ਦੇਵੇਗਾ। ਉਹਦਾ ਛੱਜ ਉਹਦੇ ਹੱਥ ਵਿੱਚ ਹੈ; ਤੇ ਉਹ ਚੰਗੀ ਤਰ੍ਹਾਂ ਆਪਣੇ ਖਲਵਾੜੇ ਨੂੰ ਸਾਫ ਕਰੇਗਾ, ਤੇ ਉਹ ਤੂੜੀ ਨੂੰ ਣਾ ਬੁਝਣ ਵਾਲੀ ਅੱਗ ਨਾਲ ਸਾੜੇਗਾ।"

101 ਉਹ ਸੁਸਮਾਚਾਰ ਦਾ ਵੱਡਾ ਉਕਾਬ ਉੱਥੇ ਬੈਠਾਸੀ ਜਿਵੇਂ ਹੀ, ਉਹਨੇ ਆਪਣੇ ਮਹਾਨ ਬੋਲ ਬੋਲੇ ਤੇ ਧਮਕੀਆਂ ਦਿੱਤੀਆਂ। ਗੰਦਗੀ ਬਾਹਰ ਆਈ, ਜੋ ਉਸ ਸਮੇਂ ਦਾ ਹਾਕਮ ਅਤੇ ਸ਼ਹਿਨਸ਼ਾਹ ਸੀ, ਅਤੇ ਉਸਨੇ ਆਪਣੀ ਭਰਜਾਈ ਨਾਲ ਜਬਰਦਸਤੀ ਵਿਆਹ ਕਰ ਲਿਆ ਸੀ। ਕੀ ਤੁਸੀਂ ਅੰਦਾਜਾ ਲਾਓਗੇ ਜੋ ਉਹ ਸੰਦੇਸ਼ ਦਾ ਵੱਡਾ ਉਕਾਬ ਚੁੱਪ ਸਾਧ ਕੇ ਬੈਠਾ ਰਹਿ ਸਕਦਾ ਸੀ?

ਉਹਨਾਂ ਵਿੱਚੋਂ ਕੁਝ ਨੇ ਆਣ ਕੇ ਕਿਹਾ, "ਯੂਹੰਨਾ ਜੀ ਤੁਸੀਂ ਵਿਆਹ ਅਤੇ ਤਿਆਗ ਪੱਤਰੀ ਤੇ ਪ੍ਰਚਾਰ ਨਾ ਕਰੋ, ਕਿਉਂਕਿ, ਹੈਰੋਦਿਸ ਸਾਹਬ ਬੈਠੇ ਹੋਏ ਹਨ।"

102 ਯੂਹੰਨਾ ਠੀਕ ਉਸਦੇ ਸਾਹਮਣੇ ਗਿਆ ਅਤੇ ਆਖਿਆ, "ਇਹ ਚੰਗੀ ਗੱਲ ਨਹੀਂ ਭਈ ਤੂੰ ਆਪਣੀ ਭਰਜਾਈ ਨੂੰ ਆਪਣੀ ਵਹੁਟੀ ਬਣਾ ਲਵੇਂ।" ਇਹ ਠੀਕ ਹੈ!

ਕੀ, ਉਹ, ਕੀ ਸੀ? ਉਹ ਉਜਾੜ ਵਿੱਚੋਂ ਆਇਆ ਹੋਇਆ ਉਕਾਬ ਸੀ। ਉਹ ਕਿਸੇ ਮਨੁੱਖੀ ਜਾਂ ਕਿਸੇ ਮਿਸ਼ਨ ਦੀਆਂ ਧਮਕੀਆਂ ਜਾਂ ਡਰਾਵਿਆਂ ਨਾਲ਼ ਸਿਖਾਇਆ ਨਹੀਂ ਸੀ ਗਿਆ। ਪਰ ਉਹ ਤਾਂ ਸਰਬ ਸ਼ਕਤੀਮਾਨ ਦੀ ਸ਼ਕਤੀ ਅਤੇ ਅਧਿਕਾਰ ਦੇ ਨਾ ਇਹ ਜਾਨਣ ਲਈ ਸਿਖਾਇਆ ਗਿਆ ਸੀ, ਕਿ ਠੀਕ ਕੀ ਹੋਵੇਗਾ। ਉਹ ਮਸੀਹ ਦੀ ਪਛਾਣ ਨੂੰ ਜਾਣਦਾ ਸੀ।

ਹਾਲੇਲੂਯਾਹ! ਇਸ ਸ਼ਬਦ ਦਾ ਅਰਥ ਹੈ, "ਸਾਡੇ ਪਰਮੇਸ਼ਵਰ ਦੀ ਵਡਿਆਈ ਹੋਵੇ," ਡਰੋ ਨਾ। ਅਜੇ ਤਕ ਮੈਂ ਕਿਸੇ ਨੂੰ ਸੱਟ ਨਹੀਂ ਲਾਈ। ਮੈਂ ਜੋਸ਼ ਵਿੱਚ ਨਹੀਂ ਹਾਂ। ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਮੈਂ ਕਿੱਥੇ ਹਾਂ।

ਔਹ, ਜਦ ਮੈਂ ਉਹਦੇ ਬਾਰੇ ਸੋਚਦਾ ਹਾਂ, ਕਿ ਉਹ ਵੱਡਾ ਉਕਾਬ ਉੱਡ ਕੇ ਉੱਥੇ ਬੈਠਦਾ ਸੀ! ਉਹਨੇ ਕਿਹਾ, "ਮੈਂ ਉਹਨੂੰ ਜਾਣ ਲਵਾਂਗਾ ਜਦੋਂ ਉਹ ਆ ਜਾਵੇਗਾ।"

103 ਇੱਕ ਦਿਨ ਉਹ ਖੜ੍ਹਾ ਹੋ ਕੇ ਪ੍ਰਚਾਰ ਕਰਦਾ ਪਿਆ ਸੀ। ਦੂਸਰੇ ਬੰਨੇ ਜਾਜਕ ਲੋਕ ਖੜ੍ਹੇ ਸਨ, ਆਖਿਆ, "ਤੇਰਾ ਮਤਲਬ ਇੱਕ ਸਮਾਂ ਆਵੇਗਾ ਜਦੋਂ ਰੋਜ ਦੀ ਬਲਿ ਲੈ ਲਈ ਜਾਵੇਗੀ; ਵੱਡੀ ਹੈਕਲ ਜਿਸਨੂੰ ਅਸਾਂ, ਬੇਹੱਦ ਮੇਹਨਤ ਨਾਲ ਬਣਾਇਆ, ਤੇ ਸਾਡਾ ਇੰਨਾਂ ਵੱਡਾ ਫ਼ਿਰਕਾ?"

ਉਹਨੇ ਕਿਹਾ, "ਇੱਕ ਅਜਿਹਾ ਸਮਾਂ ਆਵੇਗਾ ਜਦ ਇਹ ਸਭ ਕੁਝ ਮਿਟ ਜਾਉ।"

"ਅਜਿਹਾ ਨਹੀਂ ਹੋ ਸਕਦਾ। ਤੂੰ ਝੂਠਾ ਨਬੀ ਹੈਂ!"

104 ਉਸ ਨੇ ਚਾਰ ਚੁਫੇਰੇ ਵੇਖਿਆ। ਉਸ ਆਖਿਆ, "ਵੇਖੋ, ਉਹ ਉਥੇ ਹੈ! ਪਰਮੇਸ਼ਵਰ ਦੀ ਭਗਤੀ ਦੀ ਚੁਣੀ ਹੋਈ ਥਾਂ। ਉਹ ਹੈ ਮੇਮਨਾ ਅਸਲੀ ਲੇਲਾ ਜਿਹੜਾ ਜਗਤ ਦੇ ਪਾਪ ਚੁੱਕ ਲੈ ਜਾਂਦਾ ਹੈ।" ਉਹਨੇ ਇਹ ਨਹੀਂ ਕਿਹਾ, "ਉਹ ਜੇ ਮੇਥੋਡਿਸਟੀਆ ਆਉਂਦਾ, ਜਾਂ ਉਹ ਬੇਪਟਿਸਟਿਆ ਆਉਂਦਾ ਜਾਂ ਉਹ ਜੇ ਕੈਥੋਲਿਕੀਆ।" ਉਸ ਆਖਿਆ, "ਉਹ ਜੇ ਪਰਮੇਸ਼ਵਰ ਦਾ ਮੇਮਨਾ ਜੋ ਜਗਤ ਦੇ ਪਾਪ ਚੁੱਕ ਲੈ ਜਾਂਦਾ ਹੈ।"

ਕੇਵਲ ਇੱਕੋ ਹੀ ਸੁਰੱਖਿਅਤ ਖੇਤਰ ਹੈ। ਤੇ ਉਹ ਪਰਮੇਸ਼ਵਰ ਮੇਮਨੇ ਦੇ ਵਿੱਚ ਹੈ। ਤੇ ਮੇਮਨੇ ਦੇ ਵਿੱਚ ਹੀ ਮੁਕਤੀ ਹੈ; ਕਿਸੇ ਗਿਰਜੇ ਦੇ ਵਿੱਚ ਨਹੀਂ, ਕਿਸੇ ਅੱਕਿਦੇ ਦੇ ਵਿੱਚ ਨਹੀਂ, ਜਾਂ ਕੋਈ ਲੋਕਾਂ ਦੇ ਵਿੱਚ ਨਹੀਂ, ਜਾਂ ਕਿਸੇ ਪਿਤਾ, ਕਿਸੇ ਮਾਤਾ, ਜਾਂ ਪਵਿੱਤਰ ਜਨ, ਜਾਂ ਹੋਰ ਕਿਤੇ ਨਹੀਂ, ਨਾ ਹੀ ਕਿਸੇ ਤੀਰਥ ਸਥਾਨ ਵਿੱਚ। ਇਹ ਤਾਂ ਪਵਿੱਤਰ ਪਰਮੇਸ਼ਵਰ ਪ੍ਰਭੂ ਯਿਸੂ ਮਸੀਹ ਵਿੱਚ ਹੈ, ਜਿੱਥੇ ਪਰਮੇਸ਼ਵਰ ਦੇ ਨਿਸਤਾਰੇ ਦੇ ਲਈ ਇੱਕ ਮਨੁੱਖ ਉੱਤੇ ਆਪਣਾ ਨਾਮ ਧਰਿਆ, ਜਿਹਨੇ ਸਾਡੇ ਪਾਪੀਆਂ ਦੇ ਲਈ ਮੁੱਲ ਧਾਰਿਆ। ਇਹੋ ਹੀ ਇੱਕ ਥਾਂ ਹੈ ਜਿਹਦੇ ਵਿੱਚ ਮੁਕਤੀ ਹੈ। ਇਸੇ ਹੀ ਚਟਾਨ ਤੇ ਮੈਂ ਖੜ੍ਹਾ ਹੁੰਦਾ ਹਾਂ।

105 ਯੁਹੰਨਾ ਨੇ ਉਹਨੂੰ ਪਛਾਣ ਲਿਆ। ਉਹਨੇ ਕਿਹਾ, "ਉਹਨੂੰ ਮੈਂ ਨਹੀਂ ਸੀ ਜਾਣਦਾ ਜਦ ਮੈਂ ਉਹਨੂੰ ਤੁਰੇ ਆਉਂਦੇ ਵੇਖਿਆ, ਪਰ ਬਾਹਰ ਉਜਾੜ ਵਿੱਚ ਜਿੱਥੇ ਮੈਂ ਸਿੱਖਿਆ ਪਾਈ…" ਤੇ ਆਪਣੇ ਪਿਤਾ ਦੀ ਤਰ੍ਹਾਂ ਕਿਸੇ ਪਾਦਰੀਆਂ ਦੇ ਮੱਠ ਜਾਂ ਪਾਠਸ਼ਾਲਾ ਵਿੱਚ ਨਹੀਂ; ਮੈਂ ਜਾਜਕ ਹੋਣ ਲਈ, ਸਿਖਾਇਆ ਨਹੀਂ ਗਿਆ। ਪਰ ਉਜਾੜ ਵਿੱਚ, ਜਿੱਥੇ ਉਹ ਸਰਬਸ਼ਕਤੀਮਾਨ ਦੇ ਰੱਬੀ ਗਿਆਨ ਵਾਲੇ ਮਹਾਂਵਿਦਿਆਲੇ ਵਿੱਚ, ਪਰਮੇਸ਼ਵਰ ਦੇ ਵਚਨ ਦੀ ਉਡੀਕ ਕਰ ਰਿਹਾ ਸੀ; ਤੇ ਉਹਨਾਂ ਵਾਂਗੂ ਨਹੀਂ ਜਿਨ੍ਹਾਂ ਤੇ ਮਨੁੱਖੀ ਕਿਸੇ ਟੋਲੀ ਨੇ ਪਾੜਾ ਮੱਲਿਆ ਹੋਵੇ, ਪਰ ਪਰਮੇਸ਼ਵਰ ਨੇ ਇਹਦੇ ਬਾਰੇ ਕੀ ਆਖਿਆ ਸੀ। ਜਦ ਯੂਹੰਨਾ ਨੇ ਦ੍ਰਿਸ਼ਟੀ ਕੀਤੀ ਤੇ ਪਵਿੱਤਰ ਆਤਮਾ ਨੂੰ ਉਤਰਦਿਆਂ ਡਿੱਠਾ, ਤਾਂ ਉਸ ਆਖਿਆ, "ਮੈਂ ਸਾਖੀ ਦਿੰਦਾ ਹਾਂ, ਕਿ ਇਹੀ ਉਹ।" ਔਹ, ਮੇਰੇ ਪ੍ਰਭੂ!

ਉਹ ਹੈ ਤੁਹਾਡੀ ਭਗਤੀ ਕਰਨ ਦੀ ਥਾਂ। ਇਹ ਹੈ ਤੁਹਾਡੇ ਲੁਕਣ ਦੀ ਥਾਂ। ਉਹ ਪਰਮੇਸ਼ਵਰ ਦਾ ਲੇਲਾ ਜਿਹੜਾ ਜਗਤ ਦੇ ਪਾਪ ਚੁੱਕ ਲੈ ਜਾਂਦਾ ਹੈ। ਕੋਈ ਗਿਰਜਾ ਨਹੀਂ, ਕੋਈ ਅੱਕੀਦਾ ਨਹੀਂ, ਜਾਂ ਹੋਰ ਕੁਝ ਨਹੀਂ, ਪਰ ਪਰਮੇਸ਼ਵਰ ਦਾ ਲੇਲਾ ਜੋ ਜਗਤ ਦੇ ਪਾਪ ਚੁੱਕ ਲੈ ਜਾਂਦਾ ਹੈ।

106 ਵੇਖੋ ਯੂਹੰਨਾ ਨੇ ਇਸ ਨੂੰ ਕਿਵੇਂ ਬਿਆਨ ਕੀਤਾ? ਉਸ ਨੇ ਇਸ ਤਰ੍ਹਾਂ ਨਹੀਂ ਕਿਹਾ, "ਫਰਿਸਿਓ ਤੁਸੀਂ ਠੀਕ ਹੋ, ਜਾਂ ਸੱਦੂਕਿਓ ਅਤੇ ਹਰੋਦਿਓ।" ਉਹਨੇ ਕਿਹਾ, "ਉਹ ਹੈ ਪਰਮੇਸ਼ਵਰ ਦਾ ਲੇਲਾ।" ਉਹੋ ਹੀ ਤਾਂ ਥਾਂ ਹੈ। ਉਹਨੂੰ ਨਾਮ ਵੀ ਮਿਲਿਆ ਹੈ। ਉਹੋ ਹੀ ਉਹ ਹੈ। ਤੇ ਆਸਮਾਨ ਦੇ ਹੇਠ ਕੋਈ ਦੂਜਾ ਨਾਮ ਨਹੀਂ ਹੈ!

107 ਗੌਹ ਕਰੋ ਕਿ ਹੁਣ ਯਿਸੂ ਨੇ ਯੂਹੰਨਾ ਬਾਰੇ ਕੀ ਕਿਹਾ। ਇੱਕ ਦਿਨ ਯੂਹੰਨਾ ਨੇ ਉਹਦੇ ਕੋਲ ਕੁਝ ਚੇਲੇ ਘੱਲੇ, ਜੋ ਵੇਖਣ ਕਿ ਉਹ ਕੀ ਕਰਦਾ ਪਿਆ ਹੈ। ਯਿਸੂ ਨੇ ਉਸ ਬਾਰੇ ਆਖਿਆ, "ਉਹ ਇੱਕ ਵੱਡਾ ਰੋਸ਼ਨ ਤਾਰਾ ਸੀ," ਜਿਸਨੇ ਉਹਦੀ ਆਮਦ ਤੋਂ ਪਹਿਲਾਂ ਉਹਨਾਂ ਨੂੰ ਠੀਕ ਠਾਕ ਰਾਹ ਦੱਸਣਾ ਸੀ, ਤਾਂ ਕਿ ਉਹ ਦੀ

ਪੈੜ ਤੇ ਚੱਲਣ। ਬੜੇ ਗੌਹ ਨਾਲ ਸੁਣੋ। ਕਿਤੇ ਸਮਝਣੋਂ ਨਾ ਰਹਿ ਜਾਇਓ। ਯਿਸੂ ਨੇ ਆਖਿਆ, "ਯੂਹੰਨਾ ਉਹ ਲੋਅ ਸੀ।" ਸੀ ਮਲਾਕੀ 3 ਬਾਬ, ਕੋਈ ਗਲਤੀ ਨਹੀਂ! ਨਬੀ ਜਿਸਦੇ ਕੋਲ ਵੱਡੀ ਚਮਕੀਲੀ ਲੋਅ ਸੀ ਉਸਨੇ ਪਛਾਣ ਲਿਆ ਜੋ ਉਹ ਇਕੱਲਾ ਪਰਮੇਸ਼ਵਰ ਦਾ "ਲੇਲਾ" ਹੈ। ਬਾਕੀ ਸਾਰੇ ਲੇਲੇ ਜਿਨ੍ਹਾਂ ਬਾਰੇ ਉਸ ਸਮੇਂ ਦੇ ਜਾਜਕ ਲੋਕ ਗੱਲ ਕਰਦੇ, ਤੇ ਹੋਰ ਸਭ ਗੱਲਾਂ, ਬੇਵਕੂਫੀ ਸਨ। ਉਹ ਸੀ "ਲੇਲਾ!" ਵੱਡੀ ਚਮਕੀਲੀ ਲੋਅ ਵਾਲਾ ਆਦਮੀ, ਜਿਸਦੇ ਵਿਖੇ ਯਿਸੂ ਨੇ ਆਖਿਆ।

ਮਲਾਕੀ 3 ਬਾਬ ਨੇ ਆਖਿਆ ਹੈ, "ਮੈਂ ਆਪਣੇ ਅੱਗੇ ਆਪਣਾ ਦੂਤ ਘੱਲਦਾ ਹਾਂ, ਉਹ ਮੇਰਾ ਰਾਹ ਤਿਆਰ ਕਰੇਗਾ।" ਅਤੇ ਉਹ ਜਣਾ ਜਿਹੜਾ ਰਾਹ ਤਿਆਰ ਕਰਨ ਲਈ ਭੇਜਿਆ ਗਿਆ ਸੀ, ਉਹਨੇ ਯਿਸੂ ਨੂੰ ਉਹ ਥਾਂ ਹੋਣ ਲਈ, ਪਛਾਣ ਲਿਆ। "ਇਹੋ ਹੀ ਉਹ ਹੈ! ਕੋਈ ਗਲਤੀ ਨਹੀਂ। ਇਹੋ ਹੀ ਉਹ ਹੈ! ਮੈਂ ਵੇਖਦਾ ਹਾਂ ਕਿ ਨਿਸ਼ਾਨ ਉਹਦੇ ਉੱਤੇ ਹੈ। ਮੈਂ ਜਾਣਦਾ ਹਾਂ ਕਿ ਇਹੋ ਹੀ ਉਹ ਹੈ; ਇੱਕੋ ਲੋਅ ਅਕਾਸ਼ੋਂ ਉਤਰਦੀ ਹੈ ਤੇ ਉਹਦੇ ਉੱਤੇ ਆ ਠਹਿਰਦੀ ਹੈ।" ਉਹਨੂੰ ਪੱਕਾ ਪਤਾ ਸੀ, ਜੋ ਉਹ ਉਹੀ ਹੈ।

108 ਤਦ, ਮੇਰੇ ਭਾਇਓ, ਆਖਿਰ ਤੇ ਮੈਂ ਤੁਹਾਨੂੰ ਕੁਝ ਪੁੱਛਣਾ ਚਾਹੁੰਦਾ ਹਾਂ, ਕਰੀਬ ਤੋਂ। ਅਸੀਂ ਆਖਣੇ ਹੋਵਾਂਗੇ। ਮਲਾਕੀ 4 ਵਿੱਚ, ਕੀ ਇੱਕ ਹੋਰ ਉਕਾਬ ਦੇ ਵਿਖੇ ਸਾਡੇ ਨਾਲ ਪਰਤਿਗਿਆ ਨਹੀਂ ਕੀਤੀ ਗਈ, ਇੱਕ ਲੋਅ ਦਾ ਖੰਭਾ ਪੈਰਵੀ ਕਰਦਾ ਹੋਇਆ, ਗਲਤੀਆਂ ਕਰਨ ਵਾਲੀ ਕਲੀਸੀਆ ਨੂੰ ਦੱਸੇ ਕਿ ਇਬਰਾਨੀਆਂ 13:8, "ਯਿਸੂ ਮਸੀਹ ਕਲ ਅੱਜ ਅਤੇ ਯੁਗੋਂ ਯੁੱਗ ਇੱਕੋ ਜਿਹਾ ਹੈ?" ਕੀ ਸਾਨੂੰ ਇੱਕ ਹੋਰ ਉਕਾਬ ਦੇ ਉਜਾੜ ਵਿੱਚੋਂ ਉੱਡਦੇ ਆਉਣ ਦਾ ਵਾਦਾ ਨਹੀਂ ਕੀਤਾ ਗਿਆ? ਆਮੀਨ! ਇਹ ਬਿਲਕੁਲ ਸੱਚ ਗੱਲ ਹੈ। ਤੇ ਇਹ ਗੱਲ ਕਿੰਨੀ ਲੂਕਾ ਦੀ 17:30 ਦੇ ਨਾਲ ਢੱਬਦੀ ਅਤੇ ਢੁੱਕਦੀ ਹੈ ਜਿੱਥੇ ਕਿ ਮਨੁੱਖ ਦਾ ਪੁੱਤਰ (ਉਕਾਬ) ਆਪਣੇ ਆਪ ਨੂੰ ਪ੍ਰਗਟ ਕਰੇਗਾ ਤਾਂ ਕਿ ਹੋਰ ਸਭੇ ਭਗਤੀ ਦੀਆਂ ਥਾਵਾਂ ਨੂੰ ਹੋਂਦੋਂ ਮਿਟਾਵੇ ਜਿਵੇਂ ਕਿ ਕੁਝ ਫਿਰਕੇ, ਮਿਸ਼ਨਾਂ ਆਦਿ!

ਪਰਮੇਸ਼ਵਰ ਨੇ ਆਪਣੀ ਥਾਂ ਚੁਣੀ। ਯੂਹੰਨਾ ਨੇ ਆਖਿਆ, "ਉਹ ਹੈ ਉਹ!"

109 ਅਤੇ ਤਦ ਸਾਡੇ ਨਾਲ ਅੱਜ ਦੇ ਦਿਨ ਦਾ ਵੀ ਵਾਦਾ ਇਸੇ ਹੀ ਗੱਲ ਦਾ ਕੀਤਾ ਗਿਆ ਹੈ, ਮਲਾਕੀ 4 ਵਿੱਚ, "ਬੱਚਿਆਂ ਦੇ ਦਿਲ ਪੇਵਾਂ ਦੀ ਵੱਲ ਮੋੜੇਗਾ," ਤਾਂ ਕਿ ਦੱਸੇ ਕਿ ਉਹ ਮੋਇਆ ਹੋਇਆ ਨਹੀਂ ਹੈ, ਇਹ ਗੱਲਾਂ ਕਿਸੇ ਹੋਰ ਯੁੱਗ ਨਾਲ ਸੰਬੰਧਿਤ ਨਹੀਂ ਹਨ; ਯਿਸੂ ਮਸੀਹ ਦੇ ਨਾਮ ਦਾ ਬਪਤੀਸਮਾ ਪਿਛਲੀ ਸਦੀਆਂ ਵਿੱਚ ਨਹੀਂ ਸੀ, ਪਰ ਉਹ ਹੁਣ ਵੀ ਉਹੋ ਹੀ ਹੈ। ਆਮੀਨ। ਇਹਦੇ ਤੋਂ ਬਾਹਰ ਬਾਕੀ ਸਭ ਕੁਝ ਮੂਰਖਤਾਈ ਹੈ, ਇਹੋ ਹੀ ਕੰਮ ਹੀ ਤਾਂ ਅੰਤ ਦੇ

ਦਿਨਾਂ ਦੇ ਉਕਾਬ ਨੇ ਕਰਨਾ ਹੈ, ਤੇ ਵਿਖਾਉਣਾ ਹੈ ਕਿ ਇਹਦੇ ਤੋਂ ਬਾਹਰ ਬਾਕੀ ਸਭ ਕੁਝ ਮੂਰਖਤਾਈ ਹੈ, ਫਿਰਕਾਪ੍ਰਸਤੀ ਮੂਰਖਤਾ ਹੈ, ਤਾਂ ਜੋ ਉਹਨਾਂ ਨੂੰ ਉਹੀ ਨਿਸ਼ਾਨ ਫਿਰ ਪ੍ਰਗਟ ਕੀਤਾ ਜਾਵੇ ਜੋ ਉਸ ਕੀਤਾ ਸੀ, ਭਈ ਉਹ ਅੱਜ, ਕਲ, ਅਤੇ ਯੁਗੋਂ ਯੁੱਗ ਇਕੋ ਜਿਹਾ ਹੈ। ਹਾਲੇਲੂਯਾਹ!

110 ਇਹ ਵੀ, ਪ੍ਰਕਾਸ਼ ਦੀ ਪੋਥੀ ਦੇ 4:7 ਵਿੱਚ ਵੀ, ਅਸੀਂ ਚਾਰ ਜੰਤੂ ਜਿੰਨਾਂ ਨੂੰ ਥੋੜ੍ਹਾ ਚਿਰ ਹੋਇਆ ਵਾਚ ਚੁੱਕੇ ਹਾਂ।

ਪਹਿਲਾ, ਸਾਨੂੰ ਪਤਾ ਲੱਗਾ...ਪਤਾ ਲੱਗਾ ਕਿ ਉਹ ਸ਼ੇਰ ਸੀ। ਉਹ ਪਹਿਲਾ ਜੰਤੂ ਸੀ ਉਸ ਦਿਨ ਦੀ ਚਨੌਤੀ ਦੇ ਟਾਕਰੇ ਲਈ ਅੱਗੇ ਵਧਿਆ, ਅਤੇ ਇਹ ਯਹੂਦਾ ਦੇ ਗੋਤਰ ਦਾ ਬੱਬਰ ਸ਼ੇਰ ਸੀ।

ਤੇ ਉਹਦੇ ਬਾਅਦ ਇੱਕ ਹੋਰ ਜੰਤੂ ਆਇਆ। ਅਤੇ ਸਾਨੂੰ ਪਤਾ ਲੱਗਿਆ ਕਿ ਅਗਲਾ ਜੰਤੂ ਬਲਦ ਸੀ, ਜਿਹੜਾ ਕਿ ਭਾਰ ਚੁੱਕਣ ਵਾਲਾ, ਅਤੇ ਬਲੀਦਾਨ ਦਾ ਜੰਤੂ ਸੀ। ਰੋਮਨ ਕੈਥੋਲਿਕ ਦੇ ਜੋਰ ਦੇ ਦਿਨੀਂ, ਇਹ ਕਲੀਸੀਆ ਕਤਲ ਹੋਈ; ਬਲੀਦਾਨ।

ਅਤੇ ਅਗਲਾ ਜੰਤੂ, ਸੀ ਮਨੁੱਖ, ਉਹ ਜੰਤੂ ਮਨੁੱਖ ਦੇ ਚਿਹਰੇ ਵਰਗਾ ਸੀ। ਉਹ ਆਦਮੀ ਸਨ ਸੁਧਾਰਕ, ਮਨੁੱਖੀ ਪੜ੍ਹਾਈ ਲਿਖਾਈ, ਤੇ ਰੱਬੀ ਗਿਆਨ ਵਾਲੀ ਵਿਦਿਆ, ਵਗੈਰਾ ਵਗੈਰਾ।

ਪਰ ਆਖਰੀ ਜੰਤੂ ਜਿਹਨੇ ਉੱਡਣਾ ਸੀ, ਆਖਰੀ ਜੰਤੂ ਜਿਹਨੇ ਆਉਣਾ ਸੀ, ਉਹ ਸੀ ਉੱਡਦਾ ਹੋਇਆ ਉਕਾਬ। ਹਾਲੇਲੂਯਾਹ! ਅਤੇ ਨਬੀ ਨੇ ਆਖਿਆ, ਇਸ ਦਿਨ ਵਿੱਚ, “ਉਜਿਆਲਾ ਹੋਵੇਗਾ।” ਔਹ, ਮੇਰੇ ਪ੍ਰਭੂ! “ਉਸ ਦਿਨ ਉਜਿਅਲਾ ਹੋਵੇਗਾ।”

111 ਇੱਕ ਦਿਨ ਹੋ ਚੁੱਕਿਆ ਹੈ ਸੁਧਾਰਕਾਂ ਦਾ। ਇਹ ਦਿਨ ਪਰਛਾਵੇਂ ਜਾਂ ਅਜਿਹਾ ਦਿਨ ਸੀ, ਜਿਸ ਨੂੰ ਨਾ ਦਿਨ ਕਹਿ ਸਕਦੇ ਹਾਂ ਨਾ ਹੀ ਰਾਤ। ਪਰ ਸੰਝ ਦੇ ਵੇਲੇ, ਉਕਾਬ ਦੇ ਸਮੇਂ ਵਿੱਚ:

ਉਕਾਬ ਦੇ ਸਮੇਂ ਉਜਾਲਾ ਹੋਵੇਗਾ,
ਪ੍ਰਤਾਪ ਨੂੰ ਜਾਂਦਾ ਰਾਹ ਤੁਹਾਨੂੰ ਜਰੂਰ ਮਿਲੇਗਾ;
ਪਾਣੀ ਦੇ ਰਾਹ ਵਿੱਚ ਅੱਜ ਉਜਾਲਾ ਹੈ,
ਯਿਸੂ ਮਸੀਹ ਦੇ ਬਹੁਮੁੱਲੇ ਨਾਮ ਵਿੱਚ ਦੱਬੇ ਜਾਣ ਨਾਲ।

ਨੌਜਵਾਨੋਂ ਅਤੇ ਬੁੱਢਿਓ, ਆਪਣੇ ਸਾਰੇ ਪਾਪਾਂ ਤੋਂ ਤੌਬਾ ਕਰੋ,
ਤੇ ਪਵਿੱਤਰ ਆਤਮਾ ਤੁਹਾਨੂੰ ਜਰੂਰ ਬਪਤੀਸਮਾ ਦੇਵੇਗਾ;
ਕਿਉਂਕਿ ਸ਼ਾਮ ਦੇ ਸਮੇਂ ਉਜਾਲਾ ਆ ਗਿਆ ਹੈ,
ਤੇ ਇਹ ਸੱਚਾਈ ਹੈ ਕਿ ਪਰਮੇਸ਼ਵਰ ਅਤੇ ਮਸੀਹ ਇੱਕ ਹਨ।

112 ਆਮੀਨ! ਸ਼ਾਮ ਦੇ ਸਮੇਂ ਉਜਾਲਾ ਹੋਵੇਗਾ, ਪਰਮੇਸ਼ਵਰ ਦੀ ਚੁਣੀ ਹੋਈ ਭਗਤੀ ਦੀ ਥਾਂ। ਔਹ, ਅਸੀਂ ਕਿਸ ਸੰਦੇਸ਼ ਤੇ ਆਣ ਪੁੱਜੇ ਹਾਂ, ਉਹ ਕੀ ਕਰਨ ਜਾ ਰਿਹਾ ਹੈ? ਅਤੇ ਉਹਦੇ ਦਿਨ ਵਿੱਚ ਸ਼ਾਮ ਦੇ ਸਮੇਂ ਵਿੱਚ ਉਜਾਲਾ ਹੋਵੇਗਾ, ਅਤੇ (ਕਾਹਦੇ ਲਈ?) ਆਪਣੇ ਬੱਚਿਆਂ ਨੂੰ ਵਾਪਿਸ ਘਰ ਵਾਅਦੇ ਦੀ ਧਰਤੀ ਵਿੱਚ ਆਉਣ ਲਈ ਜੀ ਆਇਆਂ ਕਹਿ ਸਕੀਏ, ਤੇ ਉਸੇ ਹੀ ਅੱਗ ਦੇ ਖੰਭੇ ਦੇ ਨਿਸ਼ਾਨ ਦੁਆਰਾ ਜਿਹਨੇ ਇਸਰਾਇਲੀ ਬੱਚਿਆਂ ਦੀ ਉਜਾੜ ਵਿੱਚ ਅਗੁਵਾਈ ਕੀਤੀ।

ਪਰਮੇਸ਼ਵਰ ਦੀ ਭਗਤੀ ਕਰਨ ਦੀ ਚੁਣੀ ਹੋਈ ਥਾਂ। ਇਹੋ ਹੀ ਇੱਕੋ ਇੱਕ ਥਾਂ ਹੈ। ਇਹੋ ਹੀ ਇੱਕ ਨਾਮ ਪਰਮੇਸ਼ਵਰ ਦੇ ਕੋਲ਼ ਮੁਕਤੀ ਦੇਣ ਲਈ ਹੈ। ਇਸੇ ਹੀ ਨਾਮ ਤੇ ਉਹਦਾ ਪਰੀਵਾਰ ਸਦਾਉਂਦਾ ਸੀ, ਜੋ ਹੁਣ ਤਾਂ ਧਰਤੀ ਤੇ ਹੈ ਤੇ ਫਿਰ ਸਵਰਗ ਵਿੱਚ ਹੋਵੇਗਾ, ਤੇ ਉਹ ਨਾਮ ਯਿਸੂ ਮਸੀਹ ਹੈ।

113 ਹੇ ਕਲੀਸੀਆ, ਹੇ ਲੋਕੋ, ਪਾਪੀ ਮਿੱਤਰ ਕਿਸੇ ਹੋਰ ਦਾ ਭਰੋਸਾ ਣਾ ਰੱਖੀਂ ਪਰ ਕੇਵਲ ਯਿਸੂ ਦਾ। ਕਿਸੇ ਪ੍ਰਚਾਰਕ ਦਾ ਭਰੋਸਾ ਨਾ ਰੱਖੀ। ਬਚਾਓ ਵਾਸਤੇ ਕਿਸੇ ਹੋਰ ਦਾ ਭਰੋਸਾ ਨਾ ਰੱਖੀ। ਕਿਸੇ ਗਿਰਜੇ ਦਾ, ਕਿਸੇ ਅੱਕਿਦੇ ਦਾ ਜਾਂ ਕਿਸੇ ਫਿਰਕੇ ਦਾ ਭਰੋਸਾ ਨਾ ਰੱਖੀ। ਕੇਵਲ ਯਿਸੂ ਮਸੀਹ ਵਿੱਚ ਭਰੋਸਾ ਰੱਖੀ ਕਿਉਂਕਿ ਉਹੋ ਹੀ ਇਸ ਘੜੀ ਦਾ ਉਜਾਲਾ ਹੈ।

ਆਓ ਆਪਣੇ ਸਿਰਾਂ ਨੂੰ ਝੁਕਾਈਏ।

ਸ਼ਾਮ ਦੇ ਸਮੇਂ ਉਜਾਲਾ ਹੋਵੇਗਾ,
ਪ੍ਰਤਾਪ ਨੂੰ ਜਾਂਦਾ ਰਹੇਗਾ;
ਤੁਹਾਨੂੰ ਜਰੂਰ ਪਾਣੀ ਮਿਲ ਜਾਉ,
ਯਿਸੂ ਮਸੀਹ ਦੇ ਬਹੁਮੁੱਲੇ ਨਾਮ ਵਿੱਚ ਦੱਬੇ ਜਾਣ ਨਾਲ।
ਜਵਾਨੋਂ ਅਤੇ ਬੁੱਢਿਓ, ਆਪਣੇ ਸਾਰੇ ਪਾਪਾਂ ਤੋਂ ਤੌਬਾ ਕਰੋ,
ਤੇ ਪਵਿੱਤਰ ਆਤਮਾ ਜਰੂਰ ਤੁਹਾਡੇ ਅੰਦਰ ਪ੍ਰਵੇਸ਼ ਕਰੇਗਾ;

ਸ਼ਾਮ ਦਾ ਉਜਾਲਾ ਆ ਗਿਆ ਹੈ,
ਇਹ ਸੱਚਾਈ ਹੈ ਕਿ ਪਰਮੇਸ਼ਵਰ ਅਤੇ ਮਸੀਹ ਇੱਕ ਹਨ।

114 ਹੇ, ਭਾਈ, ਅਤੇ ਭੈਣ, ਜੇ ਤੁਸੀਂ ਅਜੇ ਤਕ ਤੌਬਾ ਨਹੀਂ ਕੀਤੀ, ਜੇ ਤੁਸਾਂ ਅਜੇ ਤਕ ਯਿਸੂ ਮਸੀਹ ਦੇ ਨਾਮ ਵਿੱਚ ਬਪਤੀਸਮਾ ਨਹੀਂ ਲਿਆ, ਤਾਂ ਕੀ ਇਹ ਨੂੰ ਅੱਜ ਦੀ ਸ਼ਾਮ ਤੋਂ ਚਾਲੂ ਕਰੋਗੇ? ਕੀ ਤੁਸੀਂ ਪਰਮੇਸ਼ਵਰ ਨੂੰ ਉਸ ਥਾਂ ਵਿੱਚ ਜਿੱਥੇ ਤੁਸੀਂ ਭਗਤੀ ਕਰ ਸਕਦੇ ਹੋ ਜੀ ਆਇਆਂ ਆਖੋਂਗੇ? ਯਾਦ ਰੱਖੋ, ਉਸ ਥਾਂ ਨੂੰ ਛੱਡ ਕੇ ਹੋਰ ਕੋਈ ਦੂਜੀ ਥਾਂ ਨਹੀਂ ਹੈ, ਜਿੱਥੇ ਪਰਮੇਸ਼ਵਰ ਨੇ ਤੁਹਾਡੇ ਨਾਲ ਮਿਲਣ ਦਾ ਜਾਂ ਤੁਹਾਡੀ ਭਗਤੀ ਦਾ ਸਵਾਗਤ ਕਰਨ ਦਾ ਵਾਦਾ ਕੀਤਾ ਹੈ।

115 ਤੁਸੀਂ ਆਖਦੇ ਹੋ, “ਭਾਈ ਬ੍ਰਾਨਹਮ, ਮੈਂ ਤਾਂ ਭਗਤੀ ਮਨ ਦੀ ਬੜੀ ਗੰਭੀਰਤਾ ਨਾਲ ਕਰਦਾ ਹਾਂ!” ਭਾਈ ਜੀ ਕਾਈਂਨ ਨੇ। ਉਹ ਨੇ ਵੀ ਹਾਬਲ ਦੀ ਤਰ੍ਹਾਂ ਹਰ ਕਿਸਮ ਦਾ ਚੜ੍ਹਾਵਾ ਚੜ੍ਹਾਇਆ, ਪਰ ਇਹ ਗਲਤ ਚੜ੍ਹਾਵਾ ਸੀ। ਤੁਸੀਂ ਗਿਰਜੇ ਜਾਂਦੇ ਹੋਵੋਗੇ, ਤੇ ਦਸਵੰਧ ਵੀ ਦਿੰਦੇ ਹੋਵੋਗੇ, ਮਸੀਹ ਹੋਣ ਦੇ ਨਾਤੇ ਆਪਣਾ ਕਰਤਬ ਠੀਕ ਨਿਭਾਉਂਦੇ ਹੋਵੋਂਗੇ, ਤੇ ਮੰਨੋ ਇੰਨੇ ਵੀ ਗੰਭੀਰ ਹੋਵੋਂਗੇ ਜਿਨ੍ਹਾਂ ਕਿ ਕੋਈ ਆਦਮੀ ਜਾਂ ਔਰਤ ਵੀ ਹੋਵੇਗਾ।

ਮੈਨੂੰ ਇਸ ਸ਼ਹਿਰ ਦੇ ਦੁਆਲੇ ਕੋਈ ਲੱਗਭਗ ਤੀਹ ਕੁ ਸਾਲ ਹੋ ਗਏ ਹੈ, ਇਹੋ ਹੀ ਸੰਦੇਸ਼ ਚੀਕਾਂ ਮਾਰ ਮਾਰ ਕੇ ਦਿੰਦੇ ਹੋਏ। ਮੈਂ ਬੁੱਢਾ ਹੋ ਰਿਹਾ ਹਾਂ। ਤੇ ਮੈਂ ਬਹੁਤਾ ਸਮਾਂ ਤੁਹਾਡੇ ਨਾਲ ਨਹੀਂ ਰਹਿ ਸਕਦਾ। ਪਰ ਯਾਦ ਰੱਖੋ, ਨਿਆਂ ਦੇ ਦਿਨ ਮੇਰੀ ਇਹ ਆਵਾਜ ਤੁਹਾਡੇ ਵਿਰੁੱਧ ਬੋਲੇਗੀ, ਕਿਉਂਕਿ ਇਹ ਟੇਪ ਵਿੱਚ ਭਰੀ ਜਾ ਚੁੱਕੀ ਹੈ।

116 ਇੱਕ ਹੀ ਥਾਂ ਹੈ ਜਿੱਥੇ ਪਰਮੇਸ਼ਵਰ ਆਪਣਾ ਨਾਮ ਰੱਖਦਾ ਹੈ, ਤੇ ਉਹ ਥਾਂ ਕੋਈ ਗਿਰਜਾ ਘਰ ਜਾਂ ਕਲੀਸੀਆ ਨਹੀਂ ਪਰ ਯਿਸੂ ਮਸੀਹ ਹੈ। ਸਿਰਫ਼ ਇੱਕੋ ਇੱਕ ਹੀ ਭਗਤੀ ਦੀ ਥਾਂ ਹੈ, ਸਿਰਫ਼ ਇੱਕੋ ਇੱਕ ਹੀ ਥਾਂ ਹੈ ਜਿੱਥੇ ਤੁਹਾਨੂੰ ਸਵੀਕਾਰ ਕੀਤਾ ਜਾਂਦਾ ਹੈ, ਤੇ ਉਹ ਪਿਆਰੇ ਪ੍ਰਭੂ, ਯਿਸੂ ਮਸੀਹ ਵਿੱਚ। “ਆਸਮਾਨ ਦੇ ਹੇਠਾਂ ਮਨੁੱਖਾਂ ਵਿੱਚ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਦੇ ਦੁਆਰਾ ਅਸੀਂ ਬਚਾਏ ਜਾਣਾ ਹੈ,” ਕੋਈ ਕਲੀਸੀਆ ਦੇ ਦੁਆਰਾ ਨਹੀਂ, ਕਿਸੇ ਅੱਕਿਦੇ ਦੇ ਦੁਆਰਾ ਨਹੀਂ, ਹੋਰ ਕਿਸੇ ਗੱਲ ਦੇ ਦੁਆਰਾ ਨਹੀਂ। ਕੇਵਲ ਯਿਸੂ ਮਸੀਹ ਦੇ ਰਾਹੀਂ ਹੀ!

ਤੇ ਇਹੋ ਹੀ ਹੁਣ ਦੇ ਸਮੇਂ ਦੇ ਸੰਦੇਸ਼ ਹੈ, "ਭਈ ਬਾਲਕਾਂ ਦੇ ਹਿਰਦਿਆਂ ਨੂੰ ਉਸ ਨਿਹਚਾ ਵਿੱਚ ਬਹਾਲ ਕੀਤਾ ਜਾਵੇ ਜੋ ਕਿ ਇੱਕੋ ਵਾਰ ਸੰਤਾਂ ਨੂੰ ਸੌਂਪੀ ਗਈ ਸੀ।" ਕੀ ਤੁਸੀਂ ਅੱਜ ਦੀ ਰਾਤ ਇਸਨੂੰ ਕਬੂਲ ਨਹੀਂ ਕਰੋਗੇ?

ਤੇ ਹੁਣ ਜਦੋਂ ਅਸੀਂ ਆਪਣੇ ਸਿਰਾਂ ਨੂੰ ਝੁਕਾਏ ਹੋਏ ਹਾਂ।

117 ਕੀ ਕੁਝ ਹਨ ਜਿਹੜੇ ਚਾਹਵਾਨ ਹਨ ਭਈ ਉਹਨਾਂ ਵਾਸਤੇ ਪ੍ਰਾਰਥਨਾ ਕੀਤੀ ਜਾਵੇ, ਕਿ ਉਹ ਹੱਥ ਉਠਾ ਕੇ ਇਸ ਚਾਹ ਨੂੰ ਪ੍ਰਗਟ ਕਰਨਗੇ। ਅਸੀਂ ਜਗਵੇਦੀ ਤੇ ਆਉਣ ਦੀ ਬੁਲਾਹਟ ਨਹੀਂ ਦਿਆਂਗੇ, ਕਿਉਂਕਿ ਚਾਹਵਾਨ ਢੇਰ ਸਾਰੇ ਹਨ। ਪਰਮੇਸ਼ਵਰ ਤੁਹਾਨੂੰ ਬਰਕਤ ਦੇਵੇ। ਮੇਰੇ ਪ੍ਰਭੂ! ਮੇਰੇ ਖੱਬੇ ਪਾਸੇ, ਮੈਂ ਸੋਚਦਾ ਹਾਂ ਕਿ ਕੋਈ ਤਿੰਨ ਸੌ ਕੁ ਹੋਣਗੇ।

118 ਹੁਣ ਮੇਰੇ ਸੱਜੇ ਪਾਸੇ ਵੱਲ, ਕੀ ਤੁਸੀਂ ਆਪਣਾ ਹੱਥ ਉਠਾ ਕੇ, ਆਖੋਗੇ, "ਮੈਂ ਵੀ ਚਾਹੁੰਦਾ ਹਾਂ ਕਿ ਮੈਨੂੰ ਪ੍ਰਾਰਥਨਾ ਵਿੱਚ ਯਾਦ ਕੀਤਾ ਜਾਏ।" ਮੇਰਾ ਅੰਦਾਜਾ ਹੈ ਕਿ ਮੇਰੇ ਖੱਬੇ ਪਾਸੇ ਵੱਲ ਡੇਢ ਸੌ, ਤੋਂ ਵੱਧ ਹਨ।

ਸਾਡੇ ਗਿਰਜਾ ਘਰ ਦੇ ਵਿੱਚ ਵੱਡਾ ਪਾਣੀ ਦਾ ਤਲਾਅ ਹੈ; ਪਾਸਬਾਨ, ਵਧੀਆ ਪਾਸਬਾਨ ਹੈ, ਤੇ ਉਹਨਾਂ ਦਾ ਨਾਮ ਭਾਈ ਨੋਰਮਨ, ਨੇਵਿਲ ਹੈ, ਜਿਹਦੇ ਇਹਨਾਂ ਭਰਾਵਾਂ ਦੇ ਸਹਾਇਕ ਹਨ। ਜਿਹਨੂੰ ਤੁਸੀਂ ਇੱਥੇ ਮਿਲਦੇ ਅਤੇ ਵੇਖਦੇ ਹੋ। ਹਰ ਘੜੀ, ਹਰ ਦਿਨ, ਉਹ ਲੋਕ ਜਿਹਨਾਂ ਤੋਬਾ ਕਰ ਲਈ ਹੋਈ ਹੈ, ਤੇ ਬਪਤੀਸਮਾ ਪਾਉਣਾ ਚਾਹੁੰਦੇ ਹਨ, ਇਹ ਸਦਾ ਉਹਨਾਂ ਨੂੰ ਉਡੀਕਦੇ ਰਹਿੰਦੇ ਹਨ। ਤੇ ਜੇ ਤੁਸੀਂ ਇਸ ਹੁਕਮ ਦੀ ਪਾਲਣਾ ਕਰੋ, ਤੁਸੀਂ ਪੱਕੀ ਤਰ੍ਹਾਂ ਹੋ, ਪਰਮੇਸ਼ਵਰ ਦੇ ਵਾਦੇ ਦੇ ਦੁਆਰਾ, ਤੇ ਜੇ ਤੁਸੀਂ ਆਪਣੇ ਦਿਲ ਵਿੱਚ ਵਫ਼ਾਦਾਰ ਹੋਵੋ, ਤਾਂ ਤੁਸੀਂ ਜਰੂਰ ਪਰਮੇਸ਼ਵਰ ਦੇ ਇਸ ਵਾਅਦੇ ਦੇ ਲਈ ਪੱਕੇ ਹੋ ਕਿ ਤੁਹਾਨੂੰ ਪਵਿੱਤਰ ਆਤਮਾ ਮਿਲੇ।

119 ਹੁਣ ਇੱਕੋ ਇੱਕ ਥਾਂ ਭਗਤੀ ਕਰਨ ਦੀ ਹੈ। ਹੁਣ, ਇਸ ਡੇਰੇ ਵਿੱਚ ਨਹੀਂ ਹੈ। ਪਰ ਇਹ ਤਾਂ ਮਸੀਹ ਵਿੱਚ ਹੈ। ਅਸੀਂ ਉਹਦੇ ਵਿੱਚ ਕਿਵੇਂ ਰੁਕਦੇ ਹਾਂ? "ਇੱਕੋ ਹੀ ਆਤਮਾ ਦੇ ਦੁਆਰਾ ਇੱਕੋ ਹੀ ਦੇਹ ਵਿੱਚ ਸਾਨੂੰ ਸਭਨਾਂ ਨੂੰ ਬਪਤੀਸਮਾ ਦਿੱਤਾ ਗਿਆ ਹੈ।"

ਆਓ ਪ੍ਰਾਰਥਨਾ ਕਰੀਏ।

120 ਪਿਆਰੇ ਪਰਮੇਸ਼ਵਰ, ਜਦ ਇਹ ਹੱਥ ਉਤਾਂਹ ਉੱਠੇ ਹਨ ਇਨ੍ਹਾਂ ਤੋਂ ਇਹ ਪ੍ਰਗਟ ਕੀਤਾ ਜੋ ਹੱਥ ਦੇ ਹੇਠਾਂ ਹਿਰਦੇ ਵਿੱਚ ਕੀ ਹੈ, ਅਤੇ ਪੱਕਾ ਜਾਣਦੇ ਹਨ ਕਿ ਉਹਨਾਂ ਨੂੰ ਤੇਰੀ ਸਹਾਇਤਾ ਦੀ ਲੋੜ ਹੈ। ਪਿਤਾ, ਮੈਂ ਉਹਨਾਂ ਸਭਨਾਂ ਦੇ ਲਈ ਪ੍ਰਾਰਥਨਾ ਕਰਦਾ ਹਾਂ। ਅਤੇ ਮੈਂ ਤੇਰੇ ਵਚਨ ਵਚਨ ਦਾ ਹਵਾਲਾ ਦਿਆਂਗਾ। ਤੂੰ ਹੀ ਆਖਿਆ, "ਜੋ ਮੇਰਾ ਵਚਨ ਸੁਣਦਾ ਹੈ, ਤੇ ਉਹਦੀ ਪ੍ਰਤੀਤ ਕਰਦਾ ਹੈ,

ਜਿਸ ਮੈਨੂੰ ਘੱਲਿਆ ਹੈ ਸਦੀਪਕ ਜੀਵਨ ਪਾਉਂਦਾ ਹੈ। ਤੇ ਉਹਦਾ ਨਿਆਂ ਨਹੀਂ ਹੋਵੇਗਾ; ਪਰ ਉਹ ਮੌਤ ਨੂੰ ਪਾਰ ਕਰ ਕੇ ਜੀਵਨ ਵਿੱਚ ਪ੍ਰਵੇਸ਼ ਕਰ ਚੁੱਕਾ ਹੈ।"

ਪਿਤਾ ਥੋੜ੍ਹੇ ਹੀ ਹਫ਼ਤੇ ਹੋਏ ਹਨ ਮੈਂ ਇਸ ਸ਼ਹਿਰ ਵਿੱਚੋਂ ਬਾਹਰ ਗਿਆ ਅਤੇ ਹੁਣ ਫਿਰ ਵਾਪਿਸ ਆਇਆ ਹਾਂ, ਕੁਝ ਲੋਕਾਂ ਨੂੰ ਪੁੱਛਣ ਤੇ ਪਤਾ ਲੱਗਾ, "*ਇਸ* ਦੇ ਬਾਰੇ?"

"ਕਿਉਂ, ਉਹ ਜਾ ਕੇ ਹਨ।"

"ਅੱਛਾ, ਇਸ ਦੇ ਬਾਰੇ…"

"ਉਹ ਜਾ ਚੁੱਕੇ ਹਨ।"

121 ਪਿਆਰੇ ਪਰਮੇਸ਼ਵਰ ਇੱਕ ਇੱਕ ਕਰਕੇ ਅਸੀਂ ਸੱਦੇ ਜਾਂਦੇ ਹਾਂ, ਇੱਕ ਇੱਕ ਕਰਕੇ ਅਸਾਂ ਸਭਨਾਂ ਨੇ ਮੌਤ ਦੀ ਛਾਂ ਦੀ ਵਾਦੀ ਦੇ ਵਿੱਚੋਂ ਦੀ ਲੰਘਣ ਦੀ ਚੁਣੌਤੀ ਦਾ ਟਾਕਰਾ ਕਰਨਾ ਹੈ। ਤੇ ਸਾਡੇ ਮਰਨਹਾਰਾਂ ਨਾਲ, ਇਹ ਬੀਤਣਾ ਹੀ ਹੈ। ਪਰ, ਅੱਜ ਦੀ ਰਾਤ, ਤੇਰੇ ਵੱਲੋਂ ਇਹ ਸੱਦਾ ਮਿਲਿਆ ਹੈ, ਭਈ ਜੇ ਅਸੀਂ ਉਹਦੀ ਪ੍ਰਤੀਤ ਕਰੀਏ ਤੇ ਉਹਦੇ ਨਾਮ ਵਿੱਚ ਬਪਤੀਸਮਾ ਤੇ ਇਸ ਦੇਹ ਵਿੱਚ, ਜੋ ਮਸੀਹ ਦੀ ਦੇਹ ਹੈ ਤੇ ਕਲੀਸੀਆ ਵਿੱਚ ਨਹੀਂ। ਤੇ ਇਸ ਦੇਹ ਵਿੱਚ, ਜੋ ਮਸੀਹ ਦੀ ਦੇਹ ਹੈ, ਤੇ ਕਲੀਸੀਆ ਵਿੱਚ ਨਹੀਂ; ਮਸੀਹ ਦੀ ਦੇਹ ਵਿੱਚ, ਜਿਹਦਾ ਨਿਆਂ ਪਹਿਲਾਂ ਹੀ ਹੋ ਚੁੱਕਿਆ ਹੈ। ਇਹਨੂੰ ਨਿਆਂ ਦੇ ਸਾਹਮਣੇ ਆਉਣਾ ਨਹੀਂ ਪਵੇਗਾ। ਪਰਮੇਸ਼ਵਰ ਨੇ ਆਪਣਾ ਕ੍ਰੋਧ ਉਸ ਦੇਹ ਉੱਤੇ ਉਲਟਿਆ, ਤੇ ਉਹ ਦੇਹ ਪਾਪ ਤੋਂ ਰਹਿਤ ਹੈ; ਅਤੇ ਉਹਦੇ ਵਿੱਚ ਹੋਣ ਦੇ ਨਾਤੇ, ਉਹਦੇ ਕਫ਼ਾਰਏ ਦੀ ਵਜ੍ਹਾ ਨਾਲ ਅਸੀਂ ਪਾਪ ਤੋਂ ਮੁਕਤ ਹਾਂ ਜਿਹੜਾ ਸਾਡੇ ਲਈ ਮੋਇਆ। ਤੇ ਉਸ ਵਿੱਚ ਸਾਡੀ ਇੱਕ ਦੂਜੇ ਨਾਲ ਸੰਗਤ ਹੈ, ਜਦ ਕਿ ਮਸੀਹ ਦਾ ਲਹੂ ਪਰਮੇਸ਼ਵਰ ਦਾ ਜਿਹੜਾ ਪੁੱਤਰ ਹੈ ਸਾਨੂੰ ਸਾਰੀ ਅਪਵਿੱਤਰਤਾ ਅਤੇ ਪਾਪ ਤੋਂ ਸਾਫ ਰੱਖਦਾ ਹੈ।

122 ਪਿਤਾ ਪਰਮੇਸ਼ਵਰ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੂੰ ਹਰੇਕ ਨੂੰ ਆਪਣੇ ਰਾਜ ਵਿੱਚ ਲੈ ਲਵੇਂਗਾ। ਪਰਮੇਸ਼ਵਰ, ਇਹਨੂੰ ਮੰਜ਼ੂਰ ਹੋਣ ਦੇ। ਕਿ ਉਹਨਾਂ ਵਿੱਚੋਂ ਕੋਈ ਨਾਸ਼ ਨਾ ਹੋਵੇ; ਕਾਸ਼ ਕਿ ਕੋਈ ਕੁੜੀ ਜਾਂ ਮੁੰਡਾ, ਆਦਮੀ ਜਾਂ ਔਰਤ। ਪ੍ਰਭੂ, ਮੇਰੇ ਕੁਝ ਆਪਣੇ ਸਾਕ ਸੰਬੰਧ ਇੱਥੇ ਅੱਜ ਦੀ ਰਾਤ, ਬੈਠੇ ਹੋਏ ਹਨ, ਜਿਹੜੇ ਉਸ ਲਹੂ ਦੇ ਥੱਲੇ ਨਹੀਂ ਹਨ। ਕਿੰਨੀ ਚੰਗੀ ਤਰ੍ਹਾਂ ਮੈਂ ਆਪਣੇ ਪਿਤਾ ਜੀ ਦੇ ਵਚਨ ਯਾਦ ਕਰਦਾ ਹਾਂ! ਮੈਂ ਪ੍ਰਾਰਥਨਾ ਕਰਦਾ ਹਾਂ, ਕਿ ਪਿਆਰੇ ਪਿਤਾ, ਉਹਨਾਂ ਵਿੱਚੋਂ ਇੱਕ ਵੀ ਨਾਸ਼ ਨਾ ਹੋਏ। ਪ੍ਰਭੂ, ਇਹ ਹੋਣ ਦੇ। ਮੈਂ ਤੇਰੀ ਹੁਣ ਪ੍ਰਤੀਤ ਕਰਦਾ, ਉਹਨਾਂ ਸਭਨਾਂ ਗੱਲਾਂ ਨਾਲ ਜਿਹਨਾਂ ਦੀ ਪ੍ਰਤੀਤ ਬਣਦੀ ਹੈ।

123 ਮੇਰੇ ਉਹਨਾਂ ਸਭਨਾਂ ਭਾਈ, ਭੈਣਾਂ, ਅਤੇ ਦੋਸਤਾਂ ਦੇ ਹਿਰਦਿਆਂ ਵਿੱਚ ਕੰਮ ਕਰ, ਜੋ ਅੱਜ ਦੀ ਰਾਤ ਇੱਥੇ ਹਾਜਰ ਹਨ ਜਾਂ ਦੂਰ ਫੋਨ ਤੇ ਹਨ। ਕਈ ਪ੍ਰਾਤਾਂ ਵੀਚ ਮੇਰੀ ਅਵਾਜ ਸੁਣਦੇ ਹਨ ਚੜ੍ਹਦੇ ਸਮੁੰਦਰੀ ਕੰਢੇ ਤੋਂ ਲੈ ਕੇ ਲਹਿੰਦੇ ਕੰਢੇ ਤਕ। ਪਿਆਰੇ ਪਰਮੇਸ਼ਵਰ, ਮੈਂ ਬੇਨਤੀ ਕਰਦਾ ਹਾਂ, ਕਿ ਮਾਰੂਥਲ ਦੇ ਇੱਕ ਕੰਢਿਓਂ ਦੂਜੇ ਕੰਢੇ ਤਕ ਟਕਸਨ ਵਿੱਚ, ਕੈਲੀਫੋਰਨੀਆ ਅਤੇ ਨੇਵਾਡਾ ਅਤੇ ਇਦਾਂ ਹੋਰ ਵਿੱਚ, ਚੜ੍ਹਦੇ ਪਾਸੇ ਦੀ ਵੱਲ ਦੇ ਅਤੇ ਟੈਕਸਾਸ ਵਿਚਲੇ; ਜਦ ਇਹ ਸੱਦਾ ਦਿੱਤਾ ਜਾ ਰਿਹਾ ਹੈ ਲੋਕ ਛੋਟੇ ਛੋਟੇ ਗਿਰਜਿਆਂ ਵਿੱਚ—ਵਿੱਚ ਬੈਠੇ ਹੋਏ, ਪਟਰੋਲ ਦੇਣ ਵਾਲਿਆਂ ਅੱਡਿਆਂ ਵਿੱਚ, ਤੇ ਘਰਾਂ ਵਿੱਚ, ਬੈਠੇ ਸੁਣ ਰਹੇ ਹਨ। ਔਹ ਪਰਮੇਸ਼ਵਰ, ਕਾਸ਼ ਕਿ ਉਹ ਗੁਆਚਾ ਆਦਮੀ ਜਾਂ ਔਰਤ, ਮੁੰਡਾ ਜਾਂ ਕੁੜੀ, ਇਸ ਘੜੀ ਤੇਰੇ ਕੋਲ ਆ ਜਾਵੇ। ਇਹਨੂੰ ਹੁਣੇ ਹੀ ਮੰਜੂਰ ਕਰ ਦੇ। ਇਹ ਅਸੀਂ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ, ਕਿ ਉਹਨਾਂ ਨੂੰ ਇਹ ਸੁਰੱਖਿਆ ਦਾ ਸਥਾਨ ਮਿਲ ਜਾਵੇ ਜਦ ਕਿ ਸਮਾਂ ਹੈ।

ਕਿਉਂਕਿ, ਅਸੀਂ ਕੰਧ ਉੱਤੇ ਲਿਖਤ ਵੇਖਦੇ ਹਾਂ, ਧਰਤੀ ਬੇਸੁਧ ਪਈ ਹੁੰਦੀ ਹੈ, ਛੁਟਕਾਰੇ ਦਾ ਸਮਾਂ ਬੂਹੇ ਤੇ ਆਣ ਪੁੱਜਾ ਹੈ। ਸਾਡੀ ਕੌਮ ਦਾ ਇੱਕ ਬੰਨਾ ਥੱਲੇ ਧਸਦਾ ਜਾਂਦਾ ਹੈ, ਦੂਜਾ ਹਿੱਸਾ ਭੁਚਾਲਾਂ ਦੇ ਨਾਲ ਹੁਲਾਰੇ ਪਿਆ ਖਾਂਦਾ ਹੈ ਤੇ ਫੱਟ ਰਿਹਾ ਹੈ, ਉਦਾਂ ਹੀ ਜਿਵੇਂ ਯਿਸੂ ਨੇ ਵਾਦਾ ਕੀਤਾ ਸੀ ਕਿ ਹੋਵੇਗਾ। ਪ੍ਰਭੂ, ਉਹਨਾਂ ਨੂੰ ਬਹੁਤਾ ਚਿਰ ਤੇਰੇ ਤੋਂ ਦੂਰ ਨਾ ਰਹਿਣ ਦੇ। ਕਾਸ਼ ਕਿ ਉਹ ਇਹਨੂੰ ਹੁਣ ਕਬੂਲ ਕਰ ਲੈਣ, ਕਿਉਂ ਜੋ ਅਸੀਂ ਉਹਨਾਂ ਨੂੰ ਇਸ ਸੁਸਮਾਚਾਰ ਦੀ ਅਰਾਧਨਾ ਦੇ ਤੋਹਫ਼ੇ ਦੇ ਤੌਰ ਤੇ, ਤੇਰੇ ਹਜੂਰ ਪੇਸ਼ ਕਰਦੇ ਹਾਂ, ਯਿਸੂ ਮਸੀਹ ਦੇ ਨਾਮ ਵਿੱਚ। ਆਮੀਨ।

124 ਕੀ ਤੁਸੀਂ ਉਹਦੀ ਨਿਹਚਾ ਕਰਦੇ ਹੋ? ਪਰਮੇਸ਼ਵਰ ਤੁਹਾਨੂੰ ਬਰਕਤ ਦੇਵੇ। ਕਿੰਨੇ ਜਣੇ ਮੇਰੇ ਖੱਬੇ ਪਾਸੇ ਇਹ ਪ੍ਰਤੀਤ ਕਰਦੇ ਹਨ ਕਿ ਇਹ ਵਚਨ ਸੱਚ ਹੈ, ਆਪਣੇ ਹੱਥ ਖੜ੍ਹੇ ਕਰਕੇ ਦੱਸੋ। ਕਿੰਨੇ ਕੁ ਮੇਰੇ ਸੱਜੇ ਪਾਸੇ ਹਨ ਆਪਣੇ ਹੱਥ ਖੜ੍ਹੇ ਕਰੋ। ਪ੍ਰਭੂ ਤੁਹਾਨੂੰ ਬਰਕਤ ਦੇਵੇ। ਜਿੱਥੋਂ ਤਕ ਕਿ ਮੈਂ ਵੇਖਦਾ ਹਾਂ, ਸਾਰੇ ਹੀ ਹਨ। ਇਹ ਸੱਚਾਈ ਹੈ, ਦੋਸਤੋ। ਪਰਮੇਸ਼ਵਰ ਜਾਣਦਾ ਹੈ ਕਿ ਇਹ ਸੱਚ ਹੈ।

125 ਹੁਣ ਜਦ ਤੁਸੀਂ ਇਹਦੇ ਵਿੱਚ ਹੋ, ਤਾਂ ਉਹਨਾਂ ਸਭਨਾਂ ਵਸਤਾਂ ਵਾਸਤੇ ਤੁਹਾਡੀ ਪਹੁੰਚ ਉਹਦੇ ਕੋਲ ਹੈ ਜਿਨ੍ਹਾਂ ਦੇ ਦੇਣ ਲਈ ਉਹ ਮਰਿਆ। ਅਤੇ ਉਹ ਕਾਹਦੇ ਲਈ ਮਰਿਆ? "ਉਹ ਸਾਡੇ ਅਪਰਾਧਾਂ ਦੇ ਲਈ ਘਾਇਲ ਕੀਤਾ ਗਿਆ, ਤੇ ਸਾਡੀਆਂ ਬਦੀਆਂ ਦੇ ਲਈ ਕੁਚਲਿਆ ਗਿਆ; ਸਾਡੀ ਸ਼ਾਂਤੀ ਦੇ ਲਈ ਉਸ ਉੱਤੇ ਤਾੜਨਾ ਹੋਈ, ਅਤੇ ਉਸ ਦੇ ਕੋੜੇ ਖਾਣ ਨਾਲ ਅਸੀਂ ਨਰੋਏ ਕੀਤੇ ਗਏ।"

ਕੀ ਤੁਸੀਂ ਇਹਦੀ ਪ੍ਰਤੀਤ ਕਰਦੇ ਹੋ? ਕੀ ਤੁਸੀਂ ਹੁਣ ਚੰਗਾਈ ਦੇ ਲਈ ਉਸ ਕਫਾਰੇ ਦੀ ਨਿਹਚਾ ਕਰਦੇ ਹੋ?

126 ਕੀ ਸਾਡੇ ਵਿੱਚ ਕੋਈ ਬਿਮਾਰ ਹੈ? ਉਹ ਸੱਜਣ ਹੱਥ ਖੜ੍ਹੇ ਕਰਨ, ਸੱਜਾ ਜਾਂ ਖੱਬਾ। ਇੰਨੀ ਭਾਰੀ ਗਿਣਤੀ ਬਿਮਾਰੀਆਂ ਦੀ। ਮੈਂ ਲਾਈਨ ਨੂੰ ਨਹੀਂ ਸੱਦ ਸਕਦਾ। ਤੁਸੀਂ ਵੇਖਦੇ ਹੋ, ਮੈਂ ਵੀ...ਮੈਂ ਵੀ ਥੜੇ ਉੱਤੇ ਨਹੀਂ ਆ ਸਕਦਾ। ਇਸ ਤਰ੍ਹਾਂ ਕਰਨ ਦਾ ਕੋਈ ਰਾਹ ਢੰਗ ਨਹੀਂ ਹੈ।

ਉਹ ਬਿਮਾਰਾਂ ਦੇ ਲਈ ਚੰਗਾਈ ਦੀਆਂ ਸਭਾਵਾਂ ਹੋਰਨਾਂ ਥਾਵਾਂ ਤੇ, ਗਿਰਜਿਆਂ ਵਿੱਚ ਅਤੇ ਡੇਰਿਆਂ ਆਦਿ ਵਿੱਚ ਲੈਂਦੇ ਰਹੇ ਹਨ, ਗਿਰਜਿਆਂ ਵਿੱਚ ਅਤੇ ਡੇਰਿਆਂ ਆਦਿ ਵਿੱਚ ਲੈਂਦੇ ਰਹੇ ਹਨ।

ਮੈਂ ਤੁਹਾਨੂੰ ਕੁਝ ਪੁੱਛਣ ਵਾਲਾ ਹਾਂ। ਕਿੰਨੇ ਨਿਹਚਾਵਾਨ ਇੱਥੇ ਹਨ? ਆਪਣੇ ਹੱਥ ਖੜ੍ਹੇ ਕਰੋ। ਠੀਕ ਹੈ। ਹੁਣ ਮੈਂ ਤੁਹਾਡੇ ਲਈ ਵਚਨ ਪੇਸ਼ ਕਰਾਂਗਾ, ਜੋ ਕਿ ਮਸੀਹ ਹੈ। ਪ੍ਰਭੂ ਦਾ ਆਖੀਰਲਾ ਅਧਿਕਾਰ, ਜੋ ਜਗਤ ਨੂੰ ਜਾਂ ਕਲੀਸੀਆ ਨੂੰ ਦਿੱਤਾ ਗਿਆ, ਉਹਨੇ ਇਹ ਆਖਿਆ, "ਇਹ ਨਿਸ਼ਾਨ ਉਹਨਾਂ ਦੇ ਦਰਮਿਆਨ ਹੋਣਗੇ ਜੋ ਨਿਹਚਾ ਕਰਨਗੇ; ਜੇ ਉਹ ਬਿਮਾਰਾਂ ਤੇ ਹੱਥ ਰੱਖਣਗੇ ਤਾਂ ਉਹ ਚੰਗੇ ਹੋ ਜਾਣਗੇ।" ਕਿੰਨੇ ਇਹ ਜਾਣਦੇ ਹਨ ਕਿ ਮਰਕੁਸ 16 ਵਾਂ ਬਾਬ ਇਹ ਦੱਸਦਾ ਹੈ ਕਿ ਇਹ ਸੱਚ ਹੈ, "ਆਮੀਨ।" [ਸਭਾ ਆਖਦੀ ਹੈ, "ਆਮੀਨ"-ਸੰਪਾ] ਅੱਛਾ ਜੀ। ਮੈਂ ਹੁਣ ਤੁਹਾਨੂੰ ਇੱਕ ਪ੍ਰਤੀਤਵਾਨ ਵਜੋਂ ਆਖਦਾ ਹਾਂ ਕਿ ਤੁਸੀਂ ਆਪਣੇ ਹੱਥ ਕਿਸੇ ਵੀ ਬਿਮਾਰ ਤੇ ਜੋ ਤੁਹਾਡੇ ਲਾਗੇ ਹੈ ਰੱਖੋ। ਤੁਹਾਡੇ ਸਾਹਮਣੇ ਹੋਵੇ ਉਹਦੇ ਤੇ ਆਪਣੇ ਹੱਥ ਧਰੋ, ਅਤੇ ਆਓ ਹਰੇਕ ਇੱਕ ਦੂਜੇ ਦੇ ਲਈ ਪ੍ਰਾਰਥਨਾ ਕਰੀਏ। ਆਪਣੇ ਆਲੇ ਦੁਆਲੇ ਕਿਸੇ ਤੇ ਹੱਥ ਰੱਖੋ।

127 ਪ੍ਰਭੂ, ਇੱਥੇ ਮੇਰੇ ਸਾਹਮਣੇ ਰੁਮਾਲਾਂ ਅਤੇ ਛੋਟੇ ਛੋਟੇ ਕੱਪੜਿਆਂ ਦੇ ਟੋਟਿਆਂ ਦਾ ਸੰਦੂਕ ਪਿਆ ਹੈ; ਕੋਈ ਬਜੁਰਗ ਮਾਂ ਕਿਤੇ ਪਈ ਹੋਈ ਮਰ ਰਹੀ ਹੈ, ਕੋਈ ਬੱਚਾ ਮੌਤ ਦੇ ਕੰਢੇ ਤੇ ਹੈ, ਸਭ ਥਾਂ ਬਿਮਾਰ ਲੋਕ ਪਏ ਹਨ। ਅਸੀਂ ਬਾਈਬਲ ਵਿੱਚ ਲਿਖਿਆ ਪੜ੍ਹਦੇ ਹਾਂ, ਕਿ ਲੋਕ ਪੋਲੂਸ ਦੇ ਬਦਨ ਤੋਂ ਰੁਮਾਲ ਅਤੇ ਪਟਕੇ ਛੂਆ ਕੇ ਅਤੇ ਉਹ ਬਿਮਾਰਾਂ ਉੱਤੇ ਪਾਉਂਦੇ ਸਨ; ਅਤੇ ਉਹਨਾਂ ਵਿੱਚੋਂ ਬਦਰੂਹਾਂ ਅਤੇ ਅਸ਼ੁੱਧ ਆਤਮਾਵਾਂ, ਬਿਮਾਰੀਆਂ ਅਤੇ ਵੱਡੇ ਵੱਡੇ ਰੋਗ ਜਾਂਦੇ ਰਹਿੰਦੇ ਹਨ। ਹੁਣ ਪ੍ਰਭੂ ਅਸੀਂ ਜਾਣਦੇ ਹਾਂ, ਅਸੀਂ ਤਾਂ ਪੋਲੂਸ ਨਹੀਂ ਹਾਂ, ਪਰ ਅਸੀਂ ਇਹ ਗੱਲ ਜਾਣਦੇ ਹਾਂ ਕਿ ਤੂੰ ਸਦਾ ਹੀ ਯਿਸੂ ਰਹਿੰਦਾ ਹੈਂ, ਜਿਹੜੀ ਕੀ ਸਿਰਫ਼ ਇੱਕੋ ਇੱਕ ਪਰਮੇਸ਼ਵਰ ਦੀ ਬਖਸ਼ੀ ਹੋਈ ਥਾਂ ਹੈ। ਅਤੇ ਹੁਣ, ਅੱਜ, ਇਹਨਾਂ ਲੋਕਾਂ ਨੇ ਆਪਣਾ ਉਹੀ ਵਿਸ਼ਵਾਸ ਮੰਨ ਲਿਆ, ਜਿਵੇਂ ਉਹਨਾਂ ਲੋਕਾਂ ਨੇ ਨਿਹਚਾ ਕੀਤੀ। ਪੱਕੇ ਤੌਰ ਤੇ ਤੂੰ ਉਹਨਾਂ ਲਈ ਰਾਹ ਕੱਢਿਆ ਹੈ! ਅਤੇ ਮੈਂ ਇਹਨਾਂ

ਰੁਮਾਲਾਂ ਦੇ ਲਈ ਬੇਨਤੀ ਕਰਦਾ ਹਾਂ ਕਿ ਯਿਸੂ ਮਸੀਹ ਦੇ ਨਾਮ ਵਿੱਚ ਜਦ ਇਹ ਉਹਨਾਂ ਸ਼ਰੀਰਾਂ ਤੇ ਧਰੇ ਜਾਂਦੇ ਹਨ ਤਾਂ ਬਿਮਾਰਾਂ ਦੇ ਦੁਖ ਜਾਂਦੇ ਰਹਿਣ।

128 ਤੇ ਹੁਣ ਸਾਨੂੰ ਸਿਖਾਇਆ ਜਾਂਦਾ ਰਿਹਾ ਹੈ, ਜੋ ਇਸਰਾਏਲ ਜਦੋਂ ਮਿਸਰੋਂ ਆਪਣੇ ਕਰਤਬ ਦੀ ਪਾਲਣਾ ਕਰਦੇ ਹੋਏ ਨਿਕਲੇ, ਉਹ ਵਾਅਦੇ ਕੀਤੀ ਹੋਈ ਧਰਤੀ ਤੇ ਪੈਦਲ ਗਏ ਸਨ। ਉਹਨਾਂ ਦੇ ਰਾਹ ਵਿੱਚ ਲਾਲ ਸਮੁੰਦਰ ਆ ਗਿਆ। ਅਤੇ ਪਰਮੇਸ਼ਵਰ ਨੇ ਅੱਗ ਦੇ ਥੰਮ ਵਿੱਚੋਂ ਦੀ ਹੇਠਾਂ ਨਿਗਾਹ ਮਾਰੀ, ਤਾਂ ਸਮੁੰਦਰ ਡਰ ਗਿਆ, ਤੇ ਦੋ ਫਾੜ ਹੋ ਗਿਆ, ਤੇ ਇਸਰਾਏਲੀ ਸੁੱਕੀ ਰਾਹ ਥਾਣੀ ਵਾਅਦਾ ਕੀਤੀ ਹੋਈ ਧਰਤੀ ਵੱਲ ਨੂੰ ਪਾਰ ਲੰਘ ਗਏ। ਹੇ ਪਰਮੇਸ਼ਵਰ, ਯਿਸੂ ਮਸੀਹ ਦੇ ਲਹੂ ਵਿਚੋ ਦੀ ਅੱਜ ਰਾਤ ਹੇਠਾਂ ਨਿਗਾਹ ਮਾਰ ਤੇ ਹੋਣ ਦੇ ਕੀ ਬਿਮਾਰੀਆਂ ਦਾ ਸਮੁੰਦਰ ਪਿੱਛੇ ਮੁੜ ਜਾਵੇ, ਅਤੇ ਸ਼ੈਤਾਨ ਬਾਹਰ ਨਿਕਲ ਜਾਵੇ। ਤੇ ਲੋਕ ਪਰਮੇਸ਼ਵਰ ਦੀ ਪਰਤਿਗਿਆ ਵੱਲ ਨੂੰ ਅੱਗੇ ਵੱਧ ਜਾਣ ਜੋ ਪਰਮੇਸ਼ਵਰ ਨੇ ਚੰਗੀ ਸਿਹਤ ਦੇਣ ਦੇ ਬਾਰੇ ਕੀਤੀ ਹੋਈ ਹੈ, ਜਿਸ ਦੁਆਰਾ ਉਹ ਆਖਦਾ ਹੈ, "ਸਭ ਗੱਲਾਂ ਨਾਲੋਂ ਵੱਧ ਚੜ੍ਹ ਕੇ ਮੈਂ ਇਹ ਚਾਹੁੰਦਾ ਹਾਂ ਜੋ ਤੂੰ ਸਿਹਤ ਵਿੱਚ ਚੰਗਾ ਰਹੇ।"

129 ਤੇ ਹੁਣ ਪ੍ਰਭੂ ਯਿਸੂ ਜਦ ਤੂੰ ਇਹਨਾਂ ਲੋਕਾਂ ਨੂੰ ਇੱਕ ਦੂਜੇ ਉੱਤੇ ਆਪਣੇ ਹੱਥ ਰੱਖੇ ਹੋਏ ਵੇਖਦਾ, ਅਤੇ ਇਹਦੇ ਤੋਂ ਉਹ ਆਪਣੇ ਉਸ ਨਿਹਚਾ ਦਾ ਪ੍ਰਗਟਾਵਾ ਕਰਦੇ ਹਨ ਜਿਸ ਵਿਖੇ ਤੂੰ ਆਖਿਆ ਹੈ, "ਜਿਹੜੇ ਪ੍ਰਤੀਤ ਕਰਨਗੇ ਉਹਨਾਂ ਵਿੱਚ ਉਹ ਨਿਸ਼ਾਨ ਪ੍ਰਗਟ ਹੋਣਗੇ।" ਉਹੋ ਆਪੋ ਆਪਣੇ ਢੰਗ ਨਾਲ ਇੱਕ ਦੂਜੇ ਦੇ ਲਈ ਪ੍ਰਾਰਥਨਾ ਕਰਦੇ ਹਨ। ਹਰੇਕ ਆਪਣੇ ਤੋਂ ਅਗਲੇ ਲਈ ਪ੍ਰਾਰਥਨਾ ਕਰ ਰਿਹਾ ਹੈ।

130 ਹੁਣ, ਪ੍ਰਭੂ, ਇਸ ਚੁਨੌਤੀ ਦਾ ਟਾਕਰਾ ਕੀਤਾ ਜਾ ਚੁੱਕਿਆ ਹੈ, ਸ਼ੈਤਾਨ ਵੱਡਾ ਝੂਠਾ ਹੈ, ਉਸਨੂੰ ਕੋਈ ਹੱਕ ਨਹੀਂ, ਕੀ ਪਰਮੇਸ਼ਵਰ ਦੇ ਕਿਸੇ ਬੱਚੇ ਨੂੰ ਫੜ ਛੱਡੇ। ਉਹ ਹਾਰਿਆ ਹੋਇਆ ਹੈ। ਯਿਸੂ ਮਸੀਹ ਭਗਤੀ ਦਾ ਕੇਵਲ ਇੱਕੋ ਥਾਂ, ਸਿਰਫ਼ ਇੱਕੋ ਇੱਕ ਸੱਚੇ ਨਾਮ ਨੇ, ਉਹਨੂੰ ਕਲਵਰੀ ਤੇ ਹਰਾਇਆ। ਅਸੀਂ ਉਹਦੇ ਲਹੂ ਦਾ ਹੁਣ ਦਾਅਵਾ ਕਰਦੇ ਹਾਂ, ਕਿ ਉਹਨੇ ਹਰ ਬਿਮਾਰੀ ਅਤੇ ਰੋਗ ਨੂੰ ਹਰਾ ਦਿੱਤਾ।

ਅਤੇ ਮੈਂ ਸ਼ੈਤਾਨ ਨੂੰ ਹੁਕਮ ਦਿੰਦਾ ਹਾਂ ਕਿ ਇਸ ਸਭਾ ਨੂੰ ਛੱਡ ਦੇਵੇ। ਯਿਸੂ ਮਸੀਹ ਦੇ ਨਾਮ ਵਿੱਚ ਇਹਨਾਂ ਲੋਕਾਂ ਵਿੱਚੋਂ ਨਿਕਲ ਜਾਵੇ ਤਾਂ ਕੀ ਉਹ ਆਜਾਦ ਕੀਤੇ ਜਾਣ।

131 ਹਰੇਕ ਜਿਹੜਾ ਆਪਣੀ ਚੰਗਾਈ ਨੂੰ ਪਰਮੇਸ਼ਵਰ ਦੇ ਲਿਖਤੀ ਵਚਨ ਦੇ ਆਧਾਰ ਤੇ ਪ੍ਰਵਾਨ ਕਰਦਾ ਹੈ, ਆਪਣੇ ਪੈਰਾਂ ਤੇ ਖੜ੍ਹਾ ਹੋ ਕੇ ਇਹ ਦੀ ਗ਼ਵਾਹੀ

ਦੇਵੇ ਅਤੇ ਆਖੇ, “ਮੈਂ ਹੁਣ ਯਿਸੂ ਮਸੀਹ ਦੇ ਨਾਮ ਵਿੱਚ ਆਪਣੀ ਚੰਗਾਈ ਨੂੰ ਸਵੀਕਾਰ ਕਰਦਾ ਹਾਂ।” ਅਤੇ ਆਪਣੇ ਪੈਰਾਂ ਤੇ ਖੜ੍ਹੇ ਹੋ ਜਾਓ।

ਪਰਮੇਸ਼ਵਰ ਦੀ ਵਡਿਆਈ ਹੋਵੇ! ਉੱਥੇ ਤੁਸੀਂ ਹੋ। ਇੱਧਰ ਧਿਆਨ ਦਿਓ, ਲੂਲੇ ਅਤੇ ਲੰਙੜੇ ਵੀ ਨਰੋਏ ਹੋ ਕੇ ਉਠ ਖਲੋਤੇ ਹਨ। ਪਰਮੇਸ਼ਵਰ ਦੀ ਵਡਿਆਈ ਹੋਵੇ। ਕੇਵਲ ਨਿਹਚਾ ਕਰੋ। ਉਹ ਇੱਥੇ ਮੌਜੂਦ ਹੈ। ਕਿਨ੍ਹਾਂ ਅਦਭੁਤ ਹੈ!

132 ਸਰੋਤਿਆਂ ਦੀ ਮੰਢਲੀ ਵਿੱਚ ਬਾਹਰ ਵਾਲੇ ਜਿਹੜੇ ਤਾਰਾਂ ਲਾਗੇ ਨੇ ਤੁਹਾਨੂੰ ਵੇਖਣਾ ਚਾਹੀਦਾ ਹੈ! ਮੈਂ ਸੋਚਦਾ ਹਾਂ ਕਿ ਹਰੇਕ ਲਾਚਾਰ, ਜਿਹੜਾ ਇੱਥੇ ਸੀ, ਜਿੱਥੋਂ ਤਕ ਕਿ ਮੈਂ ਜਾਣਦਾ ਹਾਂ ਉੱਠ ਖਲੌਤਾ ਹੈ। ਔਹ, ਕਿੰਨਾ ਅਨੋਖਾ ਸਮਾਂ ਹੈ! ਪ੍ਰਭੂ ਦੀ ਹਜੂਰੀ ਮੌਜੂਦ ਹੈ, ਇਹੀ ਉਹ ਹੈ! “ਜਿੱਥੇ ਪ੍ਰਭੂ ਦੀ ਹਜੂਰੀ ਹੈ ਉੱਥੇ ਅਜਾਦੀ ਹੈ, ਉੱਥੇ ਸੁਤੰਤਰਤਾ ਹੈ।” ਪਰਮੇਸ਼ਵਰ ਦਾ ਆਤਮਾ ਸਾਨੂੰ ਆਜਾਦ ਕਰਦਾ ਹੈ।

133 ਹੁਣ ਉਹਨੇ ਸਾਨੂੰ ਚੰਗਾ ਕਰ ਦਿੱਤਾ ਹੈ, ਅਸੀਂ ਇਸ ਗੱਲ ਦੀ ਨਿਹਚਾ ਕਰਦੇ ਹਾਂ। ਉਹਨੇ ਸਾਨੂੰ ਬਚਾ ਲਿਆ ਹੈ; ਅਸੀਂ ਨਿਹਚਾ ਕਰਦੇ ਹਾਂ। ਜਿਹੜਾ ਬਪਤੀਸਮਾ ਲੈਣਾ ਚਾਹੁੰਦੇ ਹਾਂ, ਤਾਂ ਤਲਾਅ ਤਿਆਰ ਹੈ। ਕਦੇ ਵੀ, ਕਿਸੇ ਘੜੀ ਤੁਸੀਂ ਆਉਣਾ ਚਾਹੋ, ਕੋਈ ਨਾ ਉੱਥੇ ਤੁਹਾਡੀ ਸੇਵਾ ਹਾਜਰ ਹੋਵੇਗਾ।

ਅਤੇ ਹੁਣ ਮੈਂ ਸੋਚਦਾ ਹਾਂ, ਕਿ ਅਸੀਂ ਇਸ ਤੋਂ ਪਹਿਲਾਂ ਖਤਮ ਕਰੀਏ, ਸਾਨੂੰ ਕਲੀਸੀਆ ਦਾ ਉਹ ਪੁਰਾਣਾ ਗੀਤ ਗਾਉਣਾ ਚਾਹੀਦਾ ਹੈ। “ਮੈਂ ਉਹਨੂੰ ਪਿਆਰ ਕਰਦਾ ਹਾਂ, ਮੈਂ ਉਹਨੂੰ ਪਿਆਰ ਕਰਦਾ ਹਾਂ, ਕਿਉਂਕਿ ਉਹਨੇ ਪਹਿਲਾਂ ਮੈਨੂੰ ਪਿਆਰ ਕੀਤਾ।” ਆਓ ਆਪਣੇ ਹੱਥ ਪਰਮੇਸ਼ਵਰ ਦੀ ਵੱਲ ਚੁੱਕ ਕੇ ਆਪਣੇ ਪੂਰੇ ਦਿਲ ਨਾਲ ਗਾਈਏ!

ਅਸੀਂ ਤੁਹਾਨੂੰ ਇਸ ਇਮਾਰਤ ਵਿੱਚ, ਸਵੇਰੇ ਸਾਢੇ ਨੌਂ ਵਜੇ, ਮਿਲਣਾ ਚਾਹੁੰਦੇ ਹਾਂ, *ਵਿਆਹ ਅਤੇ ਤਿਆਗ ਪੱਤਰੀ* ਦੇ ਵਿਸ਼ੇ ਤੇ ਬੋਲਣ ਲਈ। ਅੱਛਾ ਜੀ।

ਹੁਣ ਆਓ ਅਸੀਂ ਇਹਨੂੰ ਇਕੱਠੇ ਮਿਲ ਕੇ ਗਾਈਏ।

ਮੈਂ ਉਹਨੂੰ ਪਿਆਰ ਕਰਦਾ ਹਾਂ,

ਹੁਣ ਇਹ ਵੱਡੀ ਸਭਾ ਸਾਰੀ ਗਾਵੇਗੀ! ਤਾਰਾਂ ਦੇ ਲਾਗੇ ਜਿਹੜੇ ਹਨ, ਉਹ ਵੀ, ਇਹਨੂੰ ਗਾਓ।

ਕਿਉਂਕਿ ਉਹਨੇ ਪਹਿਲਾਂ ਮੈਨੂੰ ਪਿਆਰ ਕੀਤਾ
ਤੇ ਮੇਰੀ ਮੁਕਤੀ ਨੂੰ
ਕਲਵਰੀ ਰੁੱਖ ਤੇ ਖਰੀਦਿਆ।

134 ਇਹ ਕਿੱਥੇ ਕੀਤਾ ਗਿਆ? ਕਲਵਰੀ ਦੇ ਰੁੱਖ ਉੱਤੇ। ਜਦ ਅਸੀਂ ਦੁਬਾਰਾ ਇਸ ਨੂੰ ਗਾਉਂਦੇ ਹਾਂ, ਤਾਂ ਮੈਂ ਚਾਹੁੰਦਾ ਹਾਂ ਕੀ ਤੁਸੀਂ ਆਪਣੇ ਲਾਗੇ ਕਿਸੇ ਨਾਲ ਹੱਥ ਮਿਲਾਓ, ਅਤੇ ਕਹੋ, "ਪਰਮੇਸ਼ਵਰ ਤੈਨੂੰ ਬਰਕਤ ਦੇਵੇ, ਯਾਤਰੀ ਭਾਈ।"

ਮੈਂ…(…?…)

ਕਿਉਂਕਿ ਉਹਨੇ ਪਹਿਲਾਂ…
ਤੇ ਮੇਰੀ ਮੁਕਤੀ ਨੂੰ
ਤੇ…

135 ਔਹ, ਕੀ ਤੁਸੀਂ ਉਹਨੂੰ ਪਿਆਰ ਨਹੀਂ ਕਰਦੇ? [ਸਭਾ ਆਖਦੀ ਹੈ, "ਆਮੀਨ"-ਸੰਪਾ] ਕੀ ਉਹ ਅਦਭੁਤ ਨਹੀਂ ਹੈ? ["ਆਮੀਨ"] ਕੀ ਉਹ ਤੁਹਾਡੀ ਲੁਕਣ ਦੀ ਥਾਂ ਹੈ? ["ਆਮੀਨ"] ਉਹ ਬੰਜਰ ਜਮੀਨ ਵਿੱਚ ਇੱਕ ਚਟਾਨ ਹੈ, ਤੂਫਾਨ ਦੇ ਸਮੇਂ ਵਿੱਚ ਉਹ ਸ਼ਰਨਸਥਾਨ, ਸਿਰਫ਼ ਇੱਕੋ ਸ਼ਰਨਸਥਾਨ ਮੈਂ ਜਾਣਦਾ ਹਾਂ। ਇਸ ਲਈ:

ਮੇਰਾ ਵਿਸ਼ਵਾਸ ਤੈਨੂੰ ਵੇਖਦਾ ਹੈ,
ਤੂੰ ਕਲਵਰੀ ਦਾ ਲੇਲਾ,
ਦੈਵਿਕ ਮੁਕਤੀਦਾਤਾ;
ਹੁਣ ਜਦੋਂ ਮੈਂ ਪ੍ਰਾਰਥਨਾ ਕਰਦਾ ਹਾਂ ਮੇਰੀ ਸੁਣ,
ਮੇਰੇ ਸਾਰੇ ਅਪਰਾਧਾਂ ਨੂੰ ਦੂਰ ਕਰ,
ਹੋਣ ਦੇ ਕਿ ਅੱਜ ਤੋਂ
ਪੂਰੀ ਤਰ੍ਹਾਂ ਤੇਰਾ ਬਣਾ!

ਜਿਵੇਂ ਕਿ ਅਸੀਂ ਗਾਉਂਦੇ ਹਾਂ ਆਪਣੇ ਹੱਥਾਂ ਨੂੰ ਉਠਾਈਏ।

ਮੇਰਾ ਵਿਸ਼ਵਾਸ ਤੈਨੂੰ ਵੇਖਦਾ ਹੈ,
ਤੂੰ ਕਲਵਰੀ ਦਾ ਲੇਲਾ,
ਔਹ ਦੈਵਿਕ ਮੁਕਤੀਦਾਤਾ;
ਹੁਣ ਜਦੋਂ ਮੈਂ ਪ੍ਰਾਰਥਨਾ ਕਰਦਾ ਹਾਂ ਮੇਰੀ ਸੁਣ,
ਮੇਰੇ ਸਾਰੇ ਅਪਰਾਧਾਂ ਨੂੰ ਦੂਰ ਕਰ,
ਹੋਣ ਕਿ ਅੱਜ ਤੋਂ
ਪੂਰੀ ਤਰ੍ਹਾਂ ਤੇਰਾ ਬਣਾ!

ਜਿਵੇਂ ਅਸੀਂ ਗੁਣਗੁਣਾਉਂਦੇ ਹਾਂ, ਅਸੀਂ ਸਿਰਾਂ ਨੂੰ ਝੁਕਾਈਏ।

ਜਦੋਂ ਜਿੰਦਗੀ ਚ ਹਨੇਰਾ ਹੈ ਅਤੇ ਮੈਂ ਉਲਝਣ ਵਿੱਚ
  ਚੱਲਦਾ ਹਾਂ,
ਮੇਰੇ ਦੁਆਲੇ ਦੁਖ ਵੱਧਦਾ ਹੈ,
ਮੇਰਾ ਮਾਰਗਦ੍ਰਸ਼ਕ ਬਣ;
ਹਨੇਰਾ ਨੂੰ ਰੋਕ ਕੇ ਦਿਨ ਬਣਾ,
ਦੁੱਖਾਂ ਦੇ ਹੰਝੂ ਪੂੰਝ ਦੇ,
ਮੈਨੂੰ ਕਦੇ ਇੱਧਰ ਓਧਰ ਭਟਕਣ ਨਾ ਦੇ
ਤੈਥੋਂ ਦੂਰ।

ਜਦੋਂ ਅਸੀਂ ਆਪਣੇ ਸਿਰਾਂ ਨੂੰ ਝੁਕਾਏ ਹੋਏ ਹਾਂ, ਸਾਡੇ ਪਿਆਰੇ ਪਾਸਟਰ, ਭਾਈ ਓਰਮਨ ਨੇਵਿਲ, ਸਭਾ ਨੂੰ ਸਮਾਪਤ ਕਰਨਗੇ।

*ਪਰਮੇਸ਼ਵਰ ਦਾ ਚੁਣਿਆ ਹੋਇਆ ਭਗਤੀ ਦਾ ਥਾਂ* PUN65-0220

(God’s Chosen Place Of Worship)

ਭਾਈ ਵਿਲੀਅਮ ਮੈਰੀਅਨ ਬ੍ਰੈਨਹਾਮ ਦਾ ਇਹ ਸੰਦੇਸ਼, ਮੂਲ ਰੂਪ ਵਿਚ ਅੰਗ੍ਰੇਜ਼ੀ ਵਿਚ ਦਿੱਤਾ ਗਿਆ ਸੀ ਸ਼ਨੀਵਾਰ ਸ਼ਾਮ, ਫ਼ਰਵਰੀ 20, 1965, ਪਾਰਕਵੀਊ ਜੂਨੀਅਰ ਹਾਈ ਸਕੂਲ ਵਿੱਚ, ਜੈਫਰਸਨਵਿਲੇ, ਇੰਡਿਆਨਾ ਯੂ.ਐਸ.ਏ., ਇਸ ਨੂੰ ਇਕ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿਚ ਬਿਨਾਂ ਘਟਾਏ ਵਧਾਏ ਛਾਪਿਆ ਗਿਆ ਹੈ। ਇਹ ਪੰਜਾਬੀ ਅਨੁਵਾਦ ਵਾਇਸ ਆਫ਼ ਗੌਡ ਰਿਕਾਰਡਿੰਗਜ਼ ਦੁਆਰਾ ਛਾਪਿਆ ਅਤੇ ਵੰਡਿਆ ਗਿਆ ਸੀ।

PUNJABI

©2021 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## ਕਾਪੀਰਾਈਟ ਨੋਟਸਿ

ਸਾਰੇ ਹੱਕ ਰਾਖਵੇਂ ਹਨ । ਇਹ ਕਤਿਾਬ ਨਜਿੀ ਵਰਤੋਂ ਜਾਂ ਯਸਿੂ ਮਸੀਹ ਦੇ ਸੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰੰਿਟਰ ਤੇ ਛਾਪੀ ਜਾ ਸਕਦੀ ਹੈ । ਇਹ ਕਤਿਾਬ ਵੋਇਸ ਆਫ ਗੋਡ ਰਕਿਾਰਡੰਿਗਜ® ਵਲੋਂ ਲਖਿਤੀ ਇਜਾ਼ਜ਼ਤ ਦੇ ਬਨਿਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਸਿੇ ਵੈਬਸਾਈਟ ਤੇ ਪੋਸਟ, ਕਸਿੇ ਰੀਟਰੀਵਲ ਸਸਿਟਮ ਤੇ ਸਟੋਰ, ਕਸਿੇ ਹੋਰ ਭਾਸ਼ਾ ਵਚਿ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ । ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਰਿਪਾ ਕਰੇ ਸੰਪਰਕ ਕਰੋ:

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org